
People's Herald People's Herald

Rs- 160/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=61037521061610

ਪਟਿਆਲਾ

"Equality and Justice" स्वतंत्रता, समानता, भाईचारा

PATIALA On line paper 31 ਦਸੰਬਰ 2025 ਬੁੱਧਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਦੇਸ਼ ਦੇ ਮਜ਼ਦੂਰਾਂ ਨੂੰ "ਬੰਧੂਆ ਮਜ਼ਦੂਰ" ਅਤੇ ਕੇਂਦਰੀ ਪ੍ਰਣਾਲੀ ਦੇ "ਗੁਲਾਮ" ਬਣਾਉਣ ਦੀ ਕੋਸ਼ਿਸ਼ -ਵਿੱਤ ਮੰਤਰੀ ਹਰਪਾਲ ਚੀਮਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਦਸੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਾਇਆ ਕਿ ਉਹ ਯੋਜਨਾਬੱਧ ਤਰੀਕੇ ਨਾਲ ਮਨਰੇਗਾ ਸਕੀਮ ਨੂੰ ਖ਼ਤਮ ਕਰ ਰਹੀ ਹੈ ਅਤੇ ਗਰੀਬਾਂ ਤੋਂ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਹੱਕ ਖੋਹ ਰਹੀ ਹੈ। ਵਿਧਾਨ ਸਭਾ ਵਿੱਚ ਮਨਰੇਗਾ ਸਕੀਮ ਵਿੱਚ ਹਾਲ ਹੀ ਵਿੱਚ ਕੀਤੀਆਂ ਤਬਦੀਲੀਆਂ ਅਤੇ ਇਸ ਦਾ ਨਾਮ ਬਦਲ ਕੇ 'ਵਿਕਸਿਤ ਭਾਰਤ – ਗ੍ਰਾਮ ਜੀ' ਰੱਖਣ ਵਿਰੁੱਧ ਪੇਸ਼ ਮਤੇ ਦੀ ਹਮਾਇਤ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਇਸ ਕਦਮ ਨੂੰ " ਹਾਸ਼ੀਏ 'ਤੇ ਧੱਕੇ ਗਏ ਲੋਕਾਂ ਦੇ ਪੇਟ 'ਤੇ ਹਮਲਾ" ਕਰਾਰ ਦਿੱਤਾ।

ਆਪਣੇ ਸੰਬੋਧਨ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇੱਕ ਮਹਿਲਾ ਮਨਰੇਗਾ ਵਰਕਰ ਚਰਨਜੀਤ ਕੌਰ ਦੀ ਭਾਵੁਕ ਚਿੱਠੀ ਪੜ੍ਹੀ, ਜਿਸ ਵਿੱਚ ਹਜ਼ਾਰਾਂ ਪੇਂਡੂ ਮਜ਼ਦੂਰਾਂ ਦੇ ਡਰ ਨੂੰ ਉਜਾਗਰ ਕੀਤਾ ਗਿਆ ਸੀ। ਚਰਨਜੀਤ ਕੌਰ ਨੇ ਚਿੱਠੀ ਵਿੱਚ ਚਿੰਤਾ ਪ੍ਰਗਟਾਈ ਕਿ ਬਦਲਦੇ ਨਿਯਮਾਂ ਅਤੇ ਕੇਂਦਰੀਕ੍ਰਿਤ ਪਿੰਡਾਂ ਦੀਆਂ ਸੂਚੀਆਂ ਕਾਰਨ ਬੱਚੇ ਸਿੱਖਿਆ ਤੋਂ ਅਤੇ ਬਜ਼ੁਰਗ ਦਵਾਈਆਂ ਤੋਂ ਵਾਂਝੇ ਰਹਿ ਜਾਣਗੇ। ਵਿੱਤ ਮੰਤਰੀ ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਸਕੀਮ ਦਾ ਕੇਂਦਰੀਕਰਨ ਕਰਕੇ ਅਤੇ ਮੋਬਾਈਲ-ਆਧਾਰਿਤ ਗੁੰਝਲਦਾਰ ਹਾਜ਼ਰੀ ਪ੍ਰਣਾਲੀ ਲਾਗੂ ਕਰਕੇ ਕੰਮ ਦੀ ਉਸ "ਗਾਰੰਟੀ" ਨੂੰ ਖੋਹ ਰਹੀ ਹੈ, ਜੋ ਕਦੇ ਪੇਂਡੂ ਜੀਵਨ ਦਾ ਆਧਾਰ ਸੀ।

ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੁਆਰਾ ਲਿਖੇ ਸੰਵਿਧਾਨ ਦੀ ਭਾਵਨਾ ਦੇ ਵਿਰੁੱਧ ਕੰਮ ਕਰਨ ਲਈ ਭਾਜਪਾ ਦੀ ਆਲੋਚਨਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਦੀਆਂ ਨੀਤੀਆਂ ਸੰਵਿਧਾਨ ਦੀ ਪ੍ਰਸਤਾਵਨਾ (ਪ੍ਰੀਐਂਬਲ) ਨੂੰ ਕਮਜ਼ੋਰ ਕਰ ਰਹੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੰਵਿਧਾਨ ਦੀ ਪ੍ਰਸਤਾਵਨਾ, ਜੋ ਕਿ ਰਾਸ਼ਟਰ ਦੇ ਬੁਨਿਆਦੀ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਹੈ, ਨੂੰ ਕੇਂਦਰ ਦੀਆਂ ਨੀਤੀਆਂ ਦੁਆਰਾ ਕਮਜ਼ੋਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਪ੍ਰਸਤਾਵਨਾ ਭਾਰਤ ਨੂੰ ਇੱਕ "ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ" ਵਜੋਂ ਸਥਾਪਿਤ ਕਰਦੀ ਹੈ। ਵਿੱਤ ਮੰਤਰੀ ਨੇ ਕਿਹਾ ਕਿ ਭਾਰਤ ਦੀ ਸੁਪਰੀਮ ਕੋਰਟ ਨੇ ਆਪਣੇ ਫੈਸਲਿਆਂ ਵਿੱਚ ਵਾਰ-ਵਾਰ ਐਲਾਨ ਕੀਤਾ ਹੈ ਕਿ ਸੰਵਿਧਾਨ ਦੀ ਪ੍ਰਸਤਾਵਨਾ ਜੋ ਇਸਦੇ ਪਵਿੱਤਰ ਸੁਭਾਅ ਦੀ ਪੁਸ਼ਟੀ ਕਰਦਾ ਹੈ, ਨੂੰ ਬਦਲਿਆ ਜਾਂ ਵਿਗਾੜਿਆ ਨਹੀਂ ਜਾ ਸਕਦਾ



## ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਨਿਖੇਧੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਦਸੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ : ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਮੁਕੇਸ਼ ਮਲੌਦ ਨੂੰ ਪੰਜਾਬ ਪੁਲਿਸ ਵੱਲੋਂ ਦਿੱਲੀ ਵਿਖੇ ਗ੍ਰਿਫਤਾਰ ਕਰਨ ਦੀ ਜਥੇਬੰਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ।ਪੰਜਾਬ ਸਰਕਾਰ ਵੱਲੋਂ ਇੱਕ ਪਾਸੇ ਮਜ਼ਦੂਰਾਂ ਦੀ ਅਖੌਤੀ ਹਮਦਰਦੀ ਬਣਨ ਲਈ ਅੱਜ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾ ਰਿਹਾ ਹੈ ਅਤੇ ਦੂਸਰੇ ਪਾਸੇ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਸੁਖਾਲਾ ਕਰਨ ਲਈ ਸੰਘਰਸ਼ ਕਰ ਰਹੇ ਆਗੂਆਂ ਨੂੰ ਗ੍ਰਿਫਤਾਰ ਕਰਕੇ ਜੇਲ ਚ ਸੁੱਟਿਆ ਜਾ ਰਿਹਾ ਹੈ|ਅਸੀਂ ਜਥੇਬੰਦੀ ਵੱਲੋਂ ਮੰਗ ਕਰਦੇ ਹਾਂ ਕਿ ਇਹਨਾਂ ਆਗੂਆਂ ਤੇ ਦਰਜ਼ ਕੀਤੇ ਝੂਠੇ ਕੇਸ ਤਰੰਤ ਰੱਦ ਕੀਤੇ ਜਾਣ ਅਤੇ ਸੰਘਰਸ਼ੀ ਆਗੂਆਂ ਨੂੰ ਤਰੁੰਤ ਰਿਹਾ ਕੀਤਾ ਜਾਵੇ।



## ਸੁਪਰੀਮ ਕੋਰਟ ਵਿੱਚ ਨਸਲੀ ਹਿੰਸਾ ਰੋਕਣ ਦੇ ਮਾਮਲੇ ਸਬੰਧੀ ਜਨ ਹਿੱਤ ਪਟੀਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਦਸੰਬਰ INTERNATIONAL PAPER, 94636 01616 hardipchumber57@gmail.com

ਦੇਸ਼ ਦੀ ਸਰਵਉਚ ਅਦਾਲਤ ਵਿਚ ਉੱਤਰ-ਪੂਰਬੀ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਨਸਲੀ ਹਿੰਸਾ ਵਿਰੁੱਧ ਕਾਰਵਾਈ ਦੀ ਮੰਗ ਕਰਦੇ ਹੋਏ ਇੱਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਵਿੱਚ ਉੱਤਰ-ਪੂਰਬੀ ਰਾਜਾਂ ਅਤੇ ਹੋਰ ਸਰਹੱਦੀ ਖੇਤਰਾਂ ਦੇ ਨਾਗਰਿਕਾਂ ਵਿਰੁੱਧ ਨਸਲੀ ਵਿਤਕਰੇ ਅਤੇ ਹਿੰਸਾ ਨੂੰ ਰੋਕਣ ਲਈ ਨਿਆਂਇਕ ਦਖਲ ਦੀ ਮੰਗ ਕੀਤੀ ਗਈ ਹੈ।

ਇਹ ਜਨਹਿੱਤ ਪਟੀਸ਼ਨ ਤ੍ਰਿਪੁਰਾ ਦੇ 24 ਸਾਲਾ ਐਮਬੀਏ ਵਿਦਿਆਰਥੀ ਏਂਜਲ ਚਕਮਾ ਦੀ ਬੇਰਹਿਮੀ ਨਾਲ ਹੱਤਿਆ ਦੇ ਪਿਛੋਕੜ ਵਿੱਚ ਦਾਇਰ ਕੀਤੀ ਗਈ ਹੈ। ਚਕਮਾ ਦੇ ਪਰਿਵਾਰਕ ਮੈਂਬਰ ਇਸ ਘਟਨਾ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਜਾਂ ਘੱਟੋ-ਘੱਟ ਉਮਰ ਕੈਦ ਦੀ ਸਜ਼ਾ ਚਾਹੁੰਦੇ ਹਨ। ਦਿੱਲੀ ਦੇ ਵਕੀਲ ਅਨੂਪ ਪ੍ਰਕਾਸ਼ ਅਵਸਥੀ ਨੇ ਕੇਂਦਰ ਅਤੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਜਨਹਿੱਤ ਪਟੀਸ਼ਨ ਵਿੱਚ ਧਿਰ ਬਣਾਇਆ ਹੈ। ਪੱਛਮੀ ਤ੍ਰਿਪੁਰਾ ਜ਼ਿਲ੍ਹੇ ਦੇ ਨੰਦਨਨਗਰ ਦੇ ਰਹਿਣ ਵਾਲੇ 24 ਸਾਲਾ ਏਂਜਲ ਚਕਮਾ 'ਤੇ 9 ਦਸੰਬਰ ਨੂੰ ਦੇਹਰਾਦੂਨ ਵਿੱਚ ਛੇ ਵਿਅਕਤੀਆਂ ਨੇ ਉਸ ਸਮੇਂ ਹਮਲਾ ਕੀਤਾ ਸੀ, ਜਦੋਂ ਉਸ ਨੇ ਕਥਿਤ ਨਸਲੀ ਟਿੱਪਣੀ ਦਾ ਵਿਰੋਧ ਕੀਤਾ। 26 ਦਸੰਬਰ ਨੂੰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਮਾਮਲੇ ਵਿਚ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਵੀ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਜ਼ਹਿਰੀਲੀ ਸਮੱਗਰੀ ਅਤੇ ਗੈਰ-ਜ਼ਿੰਮੇਵਾਰਾਨਾ ਬਿਰਤਾਂਤਾਂ ਰਾਹੀਂ ਖਾਸ ਕਰ ਕੇ ਨੌਜਵਾਨਾਂ ਨੂੰ ਰੋਜ਼ਾਨਾ ਨਫ਼ਰਤ ਰੋਜ਼ਾਨਾ ਪਰੋਸੀ ਜਾ ਰਹੀ ਹੈ ਅਤੇ ਭਾਜਪਾ ਦੀ ਨਫ਼ਰਤ ਫੈਲਾਉਣ ਵਾਲੀ ਲੀਡਰਸ਼ਿਪ ਵੱਲੋਂ ਇਸ ਨੂੰ ਆਮ ਵਰਤਾਰਾ ਬਣਾਇਆ ਜਾ ਰਿਹਾ ਹੈ।

## 'VB-ਜੀ ਰਾਮ ਜੀ' ਕਾਨੂੰਨ ਖ਼ਿਲਾਫ਼ ਪੰਜਾਬ ਵਿਧਾਨ ਸਭਾ 'ਚ ਮਤਾ ਪਾਸ

### ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਮਤਾ ਪਾਸ ਕਰਨ ਤੋਂ ਪਹਿਲਾਂ ਵਿਧਾਨ ਸਭਾ ਸੈਸ਼ਨ ਤੋਂ ਚਲੇ ਗਏ ਸਨ ਬਾਹਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਦਸੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਕੇਂਦਰ ਸਰਕਾਰ ਦੇ 'VB-ਜੀ ਰਾਮ ਜੀ' ਕਾਨੂੰਨ ਖ਼ਿਲਾਫ਼ ਅਤੇ ਮਨਰੇਗਾ 'ਚ ਬਦਲਾਅ ਦਾ ਵਿਰੋਧ ਕੀਤਾ ਗਿਆ ਅਤੇ ਇਸ ਬਦਲਾਅ ਖ਼ਿਲਾਫ਼ ਮਤਾ ਪਾਸ ਕੀਤਾ ਗਿਆ। ਇਹ ਮਤਾ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਵਲੋਂ ਸਦਨ ਅੰਦਰ ਪੇਸ਼ ਕੀਤਾ ਗਿਆ ਸੀ, ਜਿਸ ਨੂੰ ਸਦਨ ਅੰਦਰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਭਾਜਪਾ ਦੀ ਕੇਂਦਰੀ ਸਰਕਾਰ ਨੇ ਸਿਰਫ ਮਨਰੇਗਾ ਨਹੀਂ, ਸਗੋਂ ਦਲਿਤ ਮਜ਼ਦੂਰ ਦੇ ਮੂੰਹੋਂ ਰੋਟੀ ਵੀ ਖੋਹੀ ਹੈ। ਇਸ ਨੀਤੀ ਨੇ ਦੇਸ਼ ਦੇ ਦਲਿਤ ਮਜ਼ਦੂਰਾਂ ਦੇ ਜਿਉਂਦੇ ਰਹਿਣ ਦੇ ਹੱਕ ਨੂੰ ਵੀ ਤਬਾਹ ਕਰ ਦਿੱਤਾ ਹੈ। ਮੰਤਰੀ ਸੌਂਦ ਨੇ ਕਿਹਾ ਕਿ ਮਨਰੇਗਾ ਗਰੀਬ ਪਰਿਵਾਰਾਂ ਦੀ ਇਕ ਸਮੇਂ ਦੀ ਰੋਟੀ ਲਈ ਆਖ਼ਰੀ ਸਹਾਰਾ ਸੀ।



## ਪੁਲਾੜ ਮੁਸਾਫ਼ਰ ਸੁਨੀਤਾ ਵਿਲੀਅਮਜ਼ ਆਉਣਗੇ ਭਾਰਤ

### ਕੇਰਲ ਸਾਹਿਤ ਮੇਲਾ 2026 ਵਿਚ ਲੈਣਗੇ ਹਿੱਸਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਦਸੰਬਰ INTERNATIONAL PAPER, 94636 01616 hardipchumber57@gmail.com

ਨਵੀਂ ਦਿੱਲੀ: ਨਾਸਾ ਦੇ ਸਾਬਕਾ ਪੁਲਾੜ ਮੁਸਾਫ਼ਰ ਸੁਨੀਤਾ ਵਿਲੀਅਮਜ਼ 22 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਕੇਰਲ ਸਾਹਿਤ ਮੇਲੇ (ਕੇ.ਐੱਲ.ਐੱਫ.) ਦੇ ਨੌਂਵੇਂ ਐਡੀਸ਼ਨ 'ਚ ਹਿੱਸਾ ਲੈਣਗੇ। 60 ਸਾਲ ਦੇ ਵਿਲੀਅਮਜ਼, ਜਿਨ੍ਹਾਂ ਨੇ ਪੁਲਾੜ ਵਿਚ 300 ਦਿਨ ਬਿਤਾਏ ਹਨ, ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਧਰਤੀ ਤੋਂ ਪਰੇ ਅਪਣੀਆਂ ਯਾਤਰਾਵਾਂ ਬਾਰੇ ਬੋਲਣਗੇ ਅਤੇ ਵਿਗਿਆਨ, ਖੋਜ, ਲੀਡਰਸ਼ਿਪ, ਲਚਕੀਲੇਪਣ ਅਤੇ ਮਨੁੱਖੀ ਉਤਸੁਕਤਾ ਦੀ ਸਥਾਈ ਸ਼ਕਤੀ ਬਾਰੇ ਗੱਲ ਕਰਨਗੇ।

ਡੀ.ਸੀ. ਬੁੱਕਸ ਦੇ ਮੈਨੇਜਿੰਗ ਡਾਇਰੈਕਟਰ ਅਤੇ ਕੇ.ਐਲ.ਐਫ. ਦੇ ਮੁੱਖ ਪ੍ਰਬੰਧਕ ਰਵੀ ਡੀ.ਸੀ. ਨੇ ਕਿਹਾ, ''ਕੇਰਲ ਸਾਹਿਤ ਮੇਲਾ ਹਮੇਸ਼ਾ ਵਿਗਿਆਨ, ਖੋਜ, ਲੀਡਰਸ਼ਿਪ ਅਤੇ ਮਨੁੱਖੀ ਭਾਵਨਾ ਨੂੰ ਸ਼ਾਮਲ ਕਰਨ ਲਈ ਮੇਲੇ ਦੇ ਵਿਚਾਰ ਦਾ ਵਿਸਤਾਰ ਕਰਨ ਵਿਚ ਵਿਸ਼ਵਾਸ ਕਰਦਾ ਹੈ। ਸੁਨੀਤਾ ਵਿਲੀਅਮਜ਼ ਡੀ.ਸੀ. ਬੁੱਕਸ ਅਤੇ ਕੇ.ਐਲ.ਐਫ. ਦੀ ਸ਼ੁਭਚਿੰਤਕ ਵੀ ਰਹੇ ਹਨ, ਜੋ ਮੇਲੇ ਵਿਚ ਉਨ੍ਹਾਂ ਦੀ ਮੌਜੂਦਗੀ ਨੂੰ ਖਾਸ ਤੌਰ ਉਤੇ ਸਾਰਥਕ ਬਣਾਉਂਦੀ ਹੈ। ਉਸ ਦੀ ਭਾਗੀਦਾਰੀ ਪੀੜ੍ਹੀਆਂ ਦੇ ਦਰਸ਼ਕਾਂ ਨੂੰ ਪ੍ਰੇਰਿਤ ਕਰੇਗੀ।''



ਕੇ.ਐੱਲ.ਐੱਫ. 2026 ਦੁਨੀਆਂ ਭਰ ਦੇ 500 ਤੋਂ ਵੱਧ ਬੁਲਾਰਿਆਂ ਦੀ ਮੇਜ਼ਬਾਨੀ ਕਰੇਗਾ ਅਤੇ ਇਸ ਸਾਲ ਦੇ ਐਡੀਸ਼ਨ ਲਈ ਜਰਮਨੀ ਨੂੰ ਮਹਿਮਾਨ ਰਾਸ਼ਟਰ ਵਜੋਂ ਪੇਸ਼ ਕਰੇਗਾ।

## ਪੰਜਾਬ 'ਚ ਮਨਰੇਗਾ ਫੰਡਾਂ ਵਿੱਚ ਹੋਇਆ ਵੱਡਾ ਘਪਲਾ : ਸ਼ਿਵਰਾਜ ਸਿੰਘ ਚੌਹਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਦਸੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ : ਪੰਜਾਬ ਵਿੱਚ ਮਨਰੇਗਾ ਦੇ ਮੁੱਦੇ 'ਤੇ ਸਿਆਸੀ ਘਮਸਾਨ ਤੇਜ਼ ਹੋ ਗਿਆ ਹੈ। ਇੱਕ ਪਾਸੇ ਜਿੱਥੇ ਪੰਜਾਬ ਸਰਕਾਰ ਵਿਧਾਨ ਸਭਾ ਵਿੱਚ ਵਿਸ਼ੇਸ਼ ਸੈਸ਼ਨ ਬੁਲਾ ਕੇ ਕੇਂਦਰ ਨੂੰ ਘੇਰ ਰਹੀ ਹੈ, ਉੱਥੇ ਹੀ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਸਰਕਾਰ 'ਤੇ ਮਨਰੇਗਾ ਫੰਡਾਂ ਵਿੱਚ ਵੱਡਾ ਘਪਲਾ ਕਰਨ ਦੇ ਗੰਭੀਰ ਇਲਜ਼ਾਮ ਲਗਾਏ ਹਨ।

ਸ਼ਿਵਰਾਜ ਸਿੰਘ ਚੌਹਾਨ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿੱਚ ਮਨਰੇਗਾ ਦੇ ਕੰਮਾਂ ਵਿੱਚ ਵੱਡੀ ਪੱਧਰ 'ਤੇ ਬੇਨਿਯਮੀਆਂ ਪਾਈਆਂ ਗਈਆਂ ਹਨ। ਉਨ੍ਹਾਂ ਇਲਜ਼ਾਮ ਲਾਇਆ ਕਿ ਕੇਂਦਰ ਵੱਲੋਂ ਗਰੀਬਾਂ ਲਈ ਭੇਜਿਆ ਗਿਆ ਪੈਸਾ ਸਹੀ ਲਾਭਪਾਤਰੀਆਂ ਤੱਕ ਨਹੀਂ ਪਹੁੰਚ ਰਿਹਾ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਤੋਂ 10 ਹਜ਼ਾਰ 653 ਕੇਸ ਸਾਹਮਣੇ ਆਏ ਹਨ। ਕੇਂਦਰੀ ਮੰਤਰੀ ਦਾ ਕਹਿਣਾ ਹੈ ਕਿ ਕਈ ਥਾਵਾਂ 'ਤੇ ਕੰਮ ਸਿਰਫ਼ ਕਾਗਜ਼ਾਂ ਵਿੱਚ ਦਿਖਾਇਆ ਗਿਆ ਹੈ, ਜਦਕਿ ਜ਼ਮੀਨੀ ਪੱਧਰ 'ਤੇ ਕੋਈ ਕੰਮ ਨਹੀਂ ਹੋਇਆ। ਮੰਤਰੀ ਅਨੁਸਾਰ, ਵਾਰ-ਵਾਰ ਰਿਪੋਰਟਾਂ ਮੰਗਣ ਦੇ ਬਾਵਜੂਦ ਸਰਕਾਰ ਫੰਡਾਂ ਦੇ ਖਰਚੇ ਦਾ ਸਹੀ ਵੇਰਵਾ ਦੇਣ ਵਿੱਚ ਅਸਫਲ ਰਹੀ ਹੈ।

ਉਧਰ ਪੰਜਾਬ ਦੇ ਕੇਂਦਰੀ ਮੰਤਰੀ ਦੇ ਇਸ ਬਿਆਨ ਤੋਂ ਬਾਅਦ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ



"ਘਪਲੇ" ਦੇ ਝੂਠੇ ਬਹਾਨੇ ਬਣਾ ਕੇ ਪੰਜਾਬ ਦੇ ਗਰੀਬ ਮਜ਼ਦੂਰਾਂ ਦਾ ਹੱਕ ਮਾਰ ਰਹੀ ਹੈ। ਅਰੋੜਾ ਨੇ ਸਵਾਲ ਕੀਤਾ ਕਿ ਜੇਕਰ ਕੋਈ ਘਪਲਾ ਹੈ ਤਾਂ ਕੇਂਦਰ ਜਾਂਚ ਕਿਉਂ ਨਹੀਂ ਕਰਵਾਉਂਦਾ, ਸਿਰਫ਼ ਫੰਡ ਰੋਕ ਕੇ ਗਰੀਬਾਂ ਨੂੰ ਕਿਉਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ?

# SHO ਗੁਰਪ੍ਰੀਤ ਸਿੰਘ ਦੀ ਫੁਰਤੀ ਨੇ ਮੌਤ ਦੇ ਮੂੰਹ 'ਚੋਂ ਕੱਢਿਆ ਸਾਬਕਾ IG ਅਮਰ ਸਿੰਘ ਚਾਹਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 313 ਦਸੰਬਰ
INTERNATIONAL PAPER, 94636 01616
hardipchumber57@gmail.com

ਪਟਿਆਲਾ, 30 ਦਸੰਬਰ 2025: ਪਟਿਆਲਾ ਪੁਲਿਸ ਦੇ ਇੱਕ SHO ਦੀ ਬਹਾਦਰੀ ਅਤੇ ਸੂਝ-ਬੂਝ ਨੇ ਮਨੁੱਖਤਾ ਦੀ ਇੱਕ ਵੱਡੀ ਮਿਸਾਲ ਪੇਸ਼ ਕੀਤੀ ਹੈ। ਪਟਿਆਲਾ ਦੇ ਐਸ.ਐਚ.ਓ. (SHO) ਗੁਰਪ੍ਰੀਤ ਸਿੰਘ ਦੀ ਸਮੇਂ ਸਿਰ ਕੀਤੀ ਗਈ ਕਾਰਵਾਈ ਸਦਕਾ ਸਾਬਕਾ ਆਈ.ਜੀ. (IG) ਅਮਰ ਸਿੰਘ ਚਾਹਲ ਦੀ ਜਾਨ ਬਚ ਗਈ ਹੈ।



ਜਾਣਕਾਰੀ ਅਨੁਸਾਰ, ਜਦੋਂ ਪੁਲਿਸ ਨੂੰ ਖ਼ਬਰ ਮਿਲੀ ਕਿ ਸਾਬਕਾ ਆਈ.ਜੀ. ਅਮਰ ਸਿੰਘ ਚਾਹਲ ਨੇ ਕਥਿਤ ਤੌਰ 'ਤੇ ਆਪਣੇ ਆਪ ਨੂੰ ਗੋਲੀ ਮਾਰ ਲਈ ਹੈ, ਤਾਂ ਐਸ.ਐਚ.ਓ. ਗੁਰਪ੍ਰੀਤ ਸਿੰਘ ਤੁਰੰਤ ਮੌਕੇ 'ਤੇ ਪਹੁੰਚੇ। ਉੱਥੇ ਪਹੁੰਚ ਕੇ ਸਥਿਤੀ ਬੇਹੱਦ ਨਾਜ਼ੁਕ ਸੀ ਕਿਉਂਕਿ ਘਰ ਦਾ ਮੁੱਖ ਗੇਟ ਅੰਦਰੋਂ ਬੰਦ ਸੀ। ਜੇਕਰ ਐਸ.ਐਚ.ਓ. ਗੁਰਪ੍ਰੀਤ ਸਿੰਘ ਗੇਟ ਖੁੱਲ੍ਹਣ ਦਾ ਇੰਤਜ਼ਾਰ ਕਰਦੇ, ਤਾਂ ਸ਼ਾਇਦ ਬਹੁਤ ਦੇਰ ਹੋ ਚੁੱਕੀ ਹੁੰਦੀ। ਪਰ ਉਨ੍ਹਾਂ ਨੇ ਬਿਨਾਂ ਇੱਕ ਸੈਕਿੰਡ ਗੁਆਏ ਘਰ ਦਾ ਉੱਚਾ ਗੇਟ ਟੱਪਿਆ। ਅੰਦਰ ਦਾ ਦਰਵਾਜ਼ਾ ਬੰਦ ਹੋਣ ਕਾਰਨ ਉਨ੍ਹਾਂ ਨੇ ਇੱਟ ਚੁੱਕ ਕੇ ਤਾਲਾ ਤੋੜਿਆ ਅਤੇ ਅੰਦਰ ਦਾਖ਼ਲ ਹੋਏ।

ਐਸ.ਐਚ.ਓ. ਗੁਰਪ੍ਰੀਤ ਸਿੰਘ ਐਂਬੂਲੈਂਸ ਦਾ ਇੰਤਜ਼ਾਰ ਕਰਨ ਦੀ ਬਜਾਏ, ਜ਼ਖ਼ਮੀ ਅਮਰ ਸਿੰਘ ਚਾਹਲ ਨੂੰ ਆਪਣੀ ਪ੍ਰਾਈਵੇਟ ਗੱਡੀ ਵਿੱਚ ਪਾ ਕੇ ਤੁਰੰਤ ਹਸਪਤਾਲ ਲੈ ਗਏ। ਡਾਕਟਰਾਂ ਅਨੁਸਾਰ, ਜੇਕਰ ਇਲਾਜ ਵਿੱਚ ਕੁਝ ਮਿੰਟਾਂ ਦੀ ਵੀ ਦੇਰੀ ਹੋ ਜਾਂਦੀ, ਤਾਂ ਨਤੀਜਾ ਘਾਤਕ ਹੋ ਸਕਦਾ ਸੀ। ਐਸ.ਐਚ.ਓ. ਦੀ ਇਸ ਫੁਰਤੀ ਸਦਕਾ ਅਮਰ ਸਿੰਘ ਚਾਹਲ ਦੀ ਹਾਲਤ ਹੁਣ ਸਥਿਰ ਦੱਸੀ ਜਾ ਰਹੀ ਹੈ।

ਸੋਸ਼ਲ ਮੀਡੀਆ ਅਤੇ ਪੁਲਿਸ ਮਹਿਕਮੇ ਵਿੱਚ ਐਸ.ਐਚ.ਓ. ਗੁਰਪ੍ਰੀਤ ਸਿੰਘ ਦੀ ਇਸ ਕਾਰਵਾਈ ਦੀ ਖੂਬ ਪ੍ਰਸ਼ੰਸਾ ਹੋ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਅਜਿਹੇ ਅਧਿਕਾਰੀ ਪੁਲਿਸ ਦਾ ਮਾਣ ਵਧਾਉਂਦੇ ਹਨ, ਜੋ ਡਿਊਟੀ ਤੋਂ ਉੱਪਰ ਉੱਠ ਕੇ ਇਨਸਾਨੀਅਤ ਬਚਾਉਣ ਲਈ ਆਪਣੀ ਪੂਰੀ ਤਾਕਤ ਲਗਾ ਦਿੰਦੇ ਹਨ।

# ਵਿਸ਼ੇਸ਼ ਸੈਸ਼ਨ ਦੀ ਕੋਈ ਲੋੜ ਨਹੀਂ; ਮੁੱਖ ਮੰਤਰੀ ਮਾਨ ਅਤੇ 'ਆਪ' ਸਰਕਾਰ ਦਿੱਲੀ ਜਾ ਕੇ ਕੇਂਦਰ ਸਰਕਾਰ ਨੂੰ ਘੇਰਨ, ਅਸੀਂ ਨਾਲ ਹਾਂ: ਪਰਗਟ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 313 ਦਸੰਬਰ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ: ਸਾਬਕਾ ਸਿੱਖਿਆ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ ਮਨਰੇਗਾ 'ਤੇ ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸਿਰਫ਼ ਨਿੰਦਾ ਮਤਾ ਪਾਸ ਕਰਨਾ ਕਾਫ਼ੀ ਨਹੀਂ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਲੀ ਜਾ ਕੇ ਕੇਂਦਰ ਸਰਕਾਰ ਨੂੰ ਘੇਰਨ ਦੀ ਲੋੜ ਹੈ ਤਾਂ ਜੋ ਪੰਜਾਬ ਨੂੰ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ। ਅਸੀਂ ਸਰਕਾਰ ਦੇ ਨਾਲ ਦਿੱਲੀ ਜਾਵਾਂਗੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ 'ਆਪ' ਸਰਕਾਰ ਵਿਸ਼ੇਸ਼ ਸੈਸ਼ਨ ਦੀ ਬਜਾਏ ਨਿਯਮਤ ਸੈਸ਼ਨ ਬੁਲਾਵੇ।

ਪਰਗਟ ਸਿੰਘ ਨੇ ਕਿਹਾ ਕਿ ਮਨਰੇਗਾ ਯੋਜਨਾ, ਜੋ ਕਿ 12 ਕਰੋੜ ਮਜ਼ਦੂਰਾਂ ਨੂੰ ਰੋਜ਼ੀ-ਰੋਟੀ ਪ੍ਰਦਾਨ ਕਰਦੀ ਹੈ, ਕਾਂਗਰਸ ਪਾਰਟੀ ਦਾ ਤੋਹਫ਼ਾ ਹੈ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇਸ ਦੇ ਲਾਭ ਸਾਰੇ ਵਰਗਾਂ ਦੇ ਗਰੀਬਾਂ ਤੱਕ ਪਹੁੰਚਾਉਣਾ ਚਾਹੁੰਦੇ ਸਨ। ਪਹਿਲਾਂ, ਇਹ ਯੋਜਨਾ ਪੂਰੀ ਤਰ੍ਹਾਂ ਕੇਂਦਰ ਸਰਕਾਰ ਦੁਆਰਾ ਸਪਾਂਸਰ ਕੀਤੀ ਜਾਂਦੀ ਸੀ। ਹੁਣ, ਕੇਂਦਰ ਦੀ ਭਾਜਪਾ ਸਰਕਾਰ ਨੇ ਯੋਜਨਾ ਦਾ ਨਾਮ ਬਦਲ ਦਿੱਤਾ ਹੈ ਅਤੇ ਇਸਨੂੰ 60-40 ਦੇ ਅਨੁਪਾਤ ਵਿੱਚ ਵੰਡ ਦਿੱਤਾ ਹੈ। ਰਾਜ ਸਰਕਾਰਾਂ ਇਸ ਯੋਜਨਾ ਨੂੰ ਚਲਾਉਣ ਲਈ ਆਪਣੇ ਫੰਡਾਂ ਦਾ 40 ਪ੍ਰਤੀਸ਼ਤ ਯੋਗਦਾਨ ਪਾਉਣ ਵਿੱਚ ਅਸਮਰੱਥ ਹਨ। ਇਸ ਨਾਲ ਰਾਜ ਸਰਕਾਰਾਂ 'ਤੇ 30,000 ਤੋਂ 50,000 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ।

ਪਹਿਲਾਂ ਹੀ, ਕੁਝ ਰਾਜ ਸਰਕਾਰਾਂ ਇਸ 100 ਦਿਨਾਂ ਦੀ ਗਾਰੰਟੀਸ਼ੁਦਾ ਰੁਜ਼ਗਾਰ ਯੋਜਨਾ ਦੇ ਸਿਰਫ਼ 70 ਦਿਨ ਹੀ ਪ੍ਰਾਪਤ ਕਰ ਰਹੀਆਂ ਹਨ। ਇਸ ਦੌਰਾਨ, ਪੰਜਾਬ ਵਿੱਚ 'ਆਪ' ਸਰਕਾਰ ਇਸ ਸਾਲ ਦਸੰਬਰ ਤੱਕ ਚਾਰ ਸਾਲ ਅਤੇ 26 ਦਿਨਾਂ ਵਿੱਚ ਮਨਰੇਗਾ ਤਹਿਤ 38 ਦਿਨ ਰੁਜ਼ਗਾਰ ਦੇਣ ਦੇ ਯੋਗ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਕੋਵਿਡ ਦੌਰਾਨ 7 ਕਰੋੜ ਲੋਕ ਸ਼ਹਿਰਾਂ ਨੂੰ ਛੱਡ ਕੇ ਆਪਣੇ ਪਿੰਡਾਂ ਵੱਲ ਚਲੇ ਗਏ ਅਤੇ ਕਦੇ ਵਾਪਸ ਨਹੀਂ ਆਏ। ਇਸ ਦੇ ਨਤੀਜੇ ਵਜੋਂ ਕਾਰਪੋਰੇਟ ਘਰਾਣਿਆਂ ਨੂੰ ਮਜ਼ਦੂਰੀ ਦੀ ਪਹੁੰਚ ਖਤਮ ਹੋ ਗਈ। ਹੁਣ, ਕੇਂਦਰ ਸਰਕਾਰ ਕਾਰਪੋਰੇਟ ਸੈਕਟਰ ਨੂੰ ਖੁਸ਼ ਕਰਨ ਲਈ ਮਨਰੇਗਾ ਨੂੰ ਖਤਮ ਕਰਨ 'ਤੇ ਤੁਲੀ ਹੋਈ ਹੈ, ਤਾਂ ਜੋ ਕਾਰਪੋਰੇਟ ਘਰਾਣਿਆਂ ਨੂੰ ਸਸਤੀ ਮਜ਼ਦੂਰੀ ਮਿਲ ਸਕੇ। ਇੰਨਾ ਹੀ ਨਹੀਂ, ਪੰਜਾਬ ਵਿੱਚ ਮਨਰੇਗਾ ਮਜ਼ਦੂਰਾਂ ਨੂੰ ਵੀ ਰੋਜ਼ਾਨਾ ਮਜ਼ਦੂਰੀ ਵਜੋਂ ਘੱਟ ਤਨਖਾਹ ਦਿੱਤੀ ਜਾ ਰਹੀ ਹੈ। ਅਸੀਂ ਮਨਰੇਗਾ ਅਧੀਨ ਮਜ਼ਦੂਰਾਂ ਨੂੰ ਰੋਜ਼ਾਨਾ ਮਜ਼ਦੂਰੀ ਵਜੋਂ 346 ਰੁਪਏ ਦੇ ਰਹੇ ਹਾਂ, ਜਦੋਂ ਕਿ ਹਰਿਆਣਾ ਵਿੱਚ, ਉਹੀ ਰੋਜ਼ਾਨਾ ਮਜ਼ਦੂਰੀ 400 ਰੁਪਏ ਹੈ। ਪੰਜਾਬ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।

ਪਦਮਸ਼੍ਰੀ ਪਰਗਟ ਸਿੰਘ ਨੇ ਕਿਹਾ ਕਿ 'ਆਪ' ਸਰਕਾਰ ਨਿਯਮਤ ਸੈਸ਼ਨਾਂ ਨੂੰ ਰੋਕ ਰਹੀ ਹੈ। ਵਿਸ਼ੇਸ਼ ਸੈਸ਼ਨ ਦੇ ਨਾਮ 'ਤੇ ਸਿਰਫ਼ ਇੱਕ ਦਿਨ ਦਾ ਸੈਸ਼ਨ ਬੁਲਾਉਣਾ ਗਲਤ ਹੈ। ਪਹਿਲਾਂ ਸਰਕਾਰ ਨੇ ਕਿਹਾ ਸੀ ਕਿ ਤੁਹਾਨੂੰ ਬੋਲਣ ਲਈ ਮੁਫ਼ਤ ਸਮਾਂ ਦਿੱਤਾ ਜਾਵੇਗਾ, ਪਰ ਬਾਅਦ ਵਿੱਚ ਸਪੀਕਰ ਨੇ ਅਜਿਹਾ ਕੁਝ ਨਹੀਂ ਕੀਤਾ। ਉਨ੍ਹਾਂ ਨੇ ਪਾਰਟੀ ਵੱਲੋਂ ਇੱਕ ਜਾਂ ਦੋ ਲੋਕਾਂ ਨੂੰ ਬੁਲਾਉਣ ਦਾ ਸਮਾਂ ਦਿੱਤਾ।

ਉਨ੍ਹਾਂ ਕਿਹਾ, "ਮੈਂ ਆਨੰਦਪੁਰ ਸਾਹਿਬ ਵਿਧਾਨ ਸਭਾ ਸੈਸ਼ਨ ਵਿੱਚ ਇਹ ਵੀ ਕਿਹਾ ਸੀ ਕਿ ਕੇਂਦਰ ਸਰਕਾਰ ਸੰਸਦ ਵਿੱਚ ਪੰਜ ਬਿੱਲ ਪੇਸ਼ ਕਰਨ ਜਾ ਰਹੀ ਹੈ, ਜਿਨ੍ਹਾਂ ਵਿੱਚ ਸਿੱਖਿਆ ਬਿੱਲ ਅਤੇ ਉੱਚ ਸਿੱਖਿਆ ਬਿੱਲ ਸ਼ਾਮਲ ਹਨ। ਹਾਲਾਂਕਿ, 'ਆਪ' ਸਰਕਾਰ ਨੇ ਉਨ੍ਹਾਂ ਦਾ ਵਿਰੋਧ ਨਹੀਂ ਕੀਤਾ। ਬੀਬੀਐਮਬੀ ਮਾਮਲੇ ਵਿੱਚ 'ਆਪ' ਸਰਕਾਰ ਦਾ ਰਵੱਈਆ ਵੀ ਢਿੱਲਾ ਸੀ। ਸਿਰਫ਼ ਮਤੇ ਪਾਸ ਕਰਨ ਅਤੇ ਫੋਟੋਆਂ ਖਿੱਚਣ ਨਾਲ ਕੰਮ ਨਹੀਂ ਚੱਲਦਾ। ਸਾਨੂੰ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਸੀ।"

ਪਰਗਟ ਸਿੰਘ ਨੇ ਸੀਐਮ ਮਾਨ ਨੂੰ ਕਿਹਾ ਕਿ ਉਨ੍ਹਾਂ ਨੂੰ ਇਸ ਮੁੱਦੇ 'ਤੇ ਆਪਣੇ ਵਿਚਾਰ ਅਤੇ ਵਿਰੋਧ ਪ੍ਰਗਟ ਕਰਨ ਲਈ ਦਿੱਲੀ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੀਐਮ ਮਾਨ ਨੂੰ ਸਾਰੇ ਵਿਧਾਇਕਾਂ ਨੂੰ ਦਿੱਲੀ ਲੈ ਕੇ ਜਾਣਾ ਚਾਹੀਦਾ ਹੈ, ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਉਨ੍ਹਾਂ ਦੇ ਨਾਲ ਖੜ੍ਹੀਆਂ ਹੋਣਗੀਆਂ। ਸਰਕਾਰ ਨੂੰ ਪੰਜਾਬ ਨੂੰ ਨੁਕਸਾਨ ਨਹੀਂ



ਪਹੁੰਚਾਉਣਾ ਚਾਹੀਦਾ। ਸਾਨੂੰ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਭਾਵਨਾ ਨੂੰ ਮੱਧਮ ਨਹੀਂ ਪੈਣ ਦੇਣਾ ਚਾਹੀਦਾ। ਉਨ੍ਹਾਂ ਨੂੰ ਪੰਜਾਬ ਦੇ ਹਿੱਤਾਂ ਲਈ ਕੰਮ ਕਰਨਾ ਚਾਹੀਦਾ ਹੈ, ਭਾਜਪਾ ਦੀ ਬੀ-ਟੀਮ ਨਹੀਂ ਬਣਨਾ ਚਾਹੀਦਾ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਲਗਦਾ ਹੈ ਕਿ 2104 ਤੋਂ ਪਹਿਲਾਂ ਦੇਸ਼ ਹੀ ਨਹੀਂ ਸੀ। ਉਨ੍ਹਾਂ ਨੇ ਹੀ ਦੇਸ਼ ਬਣਾਇਆ ਹੈ।

ਉਨ੍ਹਾਂ ਕਿਹਾ ਕਿ ਤੁਸੀਂ ਸਮਾਜ ਨੂੰ ਜਾਤਾਂ ਵਿੱਚ ਵੰਡ ਦਿੱਤਾ ਹੈ। ਸਾਡੇ ਸਮਾਜ ਜਿਸ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ, ਉਸ ਲਈ ਸਾਡੇ ਆਗੂ ਵੀ ਜ਼ਿੰਮੇਵਾਰ ਹਨ। ਆਪਣੀ ਪਿੱਠ ਥਪਥਪਾਉਣ ਦੀ ਬਜਾਏ, ਸਾਨੂੰ ਅਤੀਤ ਤੋਂ ਸਿੱਖਣ ਅਤੇ ਵਰਤਮਾਨ ਵਿੱਚ ਸਮਾਜ ਨੂੰ ਸੰਭਾਲਣ ਦੀ ਲੋੜ ਹੈ। ਸਮਾਂ ਬੀਤ ਰਿਹਾ ਹੈ, ਅਤੇ ਸਿਸਟਮ ਨੂੰ ਸਹੀ ਢੰਗ ਨਾਲ ਚਲਾਉਣਾ ਚਾਹੀਦਾ ਹੈ। ਸਾਡੇ ਗੁਰੂਆਂ ਤੋਂ ਬਾਅਦ, ਮਹਾਰਾਜਾ ਰਣਜੀਤ ਸਿੰਘ ਹੀ ਸਨ ਜਿਨ੍ਹਾਂ ਨੇ ਪੰਜਾਬ ਦੀ ਭਾਵਨਾ ਨੂੰ ਕਾਇਮ ਰੱਖਿਆ, ਜੋ ਹੌਲੀ-ਹੌਲੀ ਅਲੋਪ ਹੋ ਰਹੀ ਹੈ। ਪੰਜਾਬ, ਜੋ ਕਦੇ ਖ਼ੈਬਰ ਦੱਰੇ ਤੋਂ ਲਾਹੌਰ ਸਪਿਤੀ ਤੱਕ ਫੈਲਿਆ ਹੋਇਆ ਸੀ, ਹੁਣ ਇੱਕ ਛੋਟਾ ਜਿਹਾ ਰਾਜ ਬਣ ਗਿਆ ਹੈ।

# ਦਲਿਤ ਈਸਾਈਆਂ ਦੀ ਸਥਿਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 313 ਦਸੰਬਰ
INTERNATIONAL PAPER, 94636 01616
hardipchumber57@gmail.com

ਦਲਿਤ ਈਸਾਈਆਂ ਦੀ ਸਥਿਤੀ ਭਾਰਤ ਵਿੱਚ ਬਹੁਤ ਹੀ ਗੰਭੀਰ ਅਤੇ ਵਿਤਕਰੇ ਨਾਲ ਭਰੀ ਹੋਈ ਹੈ। ਭਾਰਤੀ ਈਸਾਈਆਂ ਵਿੱਚ ਲਗਭਗ 70% ਦਲਿਤ ਪਿਛੋਕੜ ਵਾਲੇ ਹਨ, ਪਰ ਉਹ ਸਮਾਜਿਕ, ਧਾਰਮਿਕ ਅਤੇ ਸਰਕਾਰੀ ਪੱਧਰ ਤੇ ਦੋਹਰਾ ਵਿਤਕਰਾ ਝੱਲਦੇ ਹਨ।

### ਚਰਚ ਅੰਦਰ ਵਿਤਕਰਾ

ਈਸਾਈ ਧਰਮ ਸਿਧਾਂਤਕ ਤੌਰ ਤੇ ਬਰਾਬਰੀ ਦੀ ਗੱਲ ਕਰਦਾ ਹੈ, ਪਰ ਭਾਰਤ ਵਿੱਚ ਚਰਚਾਂ ਵਿੱਚ ਜਾਤੀਵਾਦ ਮੌਜੂਦ ਹੈ:

ਦੱਖਣੀ ਭਾਰਤ (ਖਾਸ ਕਰ ਕੇਰਲ, ਤਮਿਲਨਾਡੂ) ਵਿੱਚ ਦਲਿਤ ਈਸਾਈਆਂ ਨੂੰ ਵੱਖਰੀਆਂ ਸੀਟਾਂ, ਵੱਖਰੇ ਦਰਵਾਜ਼ੇ ਜਾਂ ਕਬਰਸਤਾਨ ਵਰਗੀਆਂ ਸਹੂਲਤਾਂ ਮਿਲਦੀਆਂ ਹਨ।

ਅਗਵਾਈ ਵਿੱਚ ਬਹੁਤ ਘੱਟ ਹਿੱਸਾ: ਕੈਥੋਲਿਕ ਚਰਚ ਵਿੱਚ 224 ਬਿਸ਼ਪਾਂ ਵਿੱਚੋਂ ਸਿਰਫ਼ 12 ਦਲਿਤ ਹਨ।

ਦਲਿਤ ਪਾਦਰੀਆਂ ਨੂੰ ਅਕਸਰ ਹਾਸ਼ੀਏ ਤੇ ਰੱਖਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਉੱਚ ਅਹੁਦੇ ਨਹੀਂ ਮਿਲਦੇ।

### ਸਮਾਜਿਕ ਅਤੇ ਕਾਨੂੰਨੀ ਵਿਤਕਰਾ

1950 ਦੇ ਕਾਂਸਟੀਟਿਊਸ਼ਨ (ਸ਼ੈਡਿਊਲਡ ਕਾਸਟਸ) ਆਰਡਰ ਅਨੁਸਾਰ ਸਿਰਫ਼ ਹਿੰਦੂ, ਸਿੱਖ ਅਤੇ ਬੋਧੀ ਦਲਿਤਾਂ ਨੂੰ SC ਸਟੇਟਸ ਅਤੇ ਰਿਜ਼ਰਵੇਸ਼ਨ ਮਿਲਦਾ ਹੈ। ਈਸਾਈ ਜਾਂ ਮੁਸਲਿਮ ਬਣਨ ਤੇ ਇਹ ਲਾਭ ਖਤਮ ਹੋ ਜਾਂਦੇ ਹਨ, ਭਾਵੇਂ ਜਾਤੀ ਵਿਤਕਰਾ ਜਾਰੀ ਰਹਿੰਦਾ ਹੈ। ਇਸ ਕਾਰਨ ਦਲਿਤ ਈਸਾਈਆਂ ਨੂੰ ਸਰਕਾਰੀ ਨੌਕਰੀਆਂ, ਸਿੱਖਿਆ ਅਤੇ ਵਿਕਾਸ ਯੋਜਨਾਵਾਂ ਵਿੱਚ ਰਿਜ਼ਰਵੇਸ਼ਨ ਨਹੀਂ ਮਿਲਦਾ। ਅਤਿਆਚਾਰ ਵਿਰੋਧੀ ਕਾਨੂੰਨ (SC/ST ਐਕਟ) ਦੀ ਸੁਰੱਖਿਆ ਨਹੀਂ ਮਿਲਦੀ।

2007 ਵਿੱਚ ਰੰਗਨਾਥ ਮਿਸ਼ਰ ਕਮਿਸ਼ਨ ਨੇ ਦਲਿਤ ਈਸਾਈਆਂ ਨੂੰ SC ਸਟੇਟਸ ਦੇਣ ਦੀ ਸਿਫਾਰਸ਼ ਕੀਤੀ ਸੀ, ਪਰ ਸਰਕਾਰ ਨੇ ਇਸ ਨੂੰ ਰੱਦ ਕਰ ਦਿੱਤਾ। 2022 ਵਿੱਚ ਸੁਪਰੀਮ ਕੋਰਟ ਦੇ ਦਬਾਅ ਤੇ ਸਰਕਾਰ ਨੇ ਸਾਬਕਾ CJI ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਦੀ ਅਗਵਾਈ ਵਿੱਚ ਨਵੀਂ ਕਮਿਸ਼ਨ ਬਣਾਈ। ਇਸ ਨੂੰ 2024 ਤੱਕ ਰਿਪੋਰਟ ਦੇਣੀ ਸੀ, ਪਰ 2025 ਵਿੱਚ ਇੱਕ ਸਾਲ ਦੀ ਮਿਆਦ ਵਧਾ ਦਿੱਤੀ ਗਈ ਹੈ – ਹੁਣ ਰਿਪੋਰਟ ਅਕਤੂਬਰ 2025 ਤੱਕ ਆਉਣੀ ਹੈ। ਸੁਪਰੀਮ ਕੋਰਟ ਵਿੱਚ ਕੇਸ ਚੱਲ ਰਿਹਾ ਹੈ, ਪਰ ਅਜੇ ਤੱਕ ਕੋਈ ਫੈਸਲਾ ਨਹੀਂ ਆਇਆ।



ਲਾਲ ਸਿੰਘ ਸੁਲਹਾਣੀ
9872155120

ਦਲਿਤ ਈਸਾਈ ਔਰਤਾਂ ਨੂੰ ਤਿਹਰਾ ਵਿਤਕਰਾ (ਜਾਤੀ, ਧਰਮ, ਲਿੰਗ) ਝੱਲਣਾ ਪੈਂਦਾ ਹੈ। ਸੋਸ਼ਲ ਮੀਡੀਆ ਤੇ ਦਲਿਤ ਈਸਾਈ ਨੌਜਵਾਨ ਜਾਗਰੂਕਤਾ ਫੈਲਾ ਰਹੇ ਹਨ।

ਕੁੱਲ ਮਿਲਾ ਕੇ, ਦਲਿਤ ਈਸਾਈਆਂ ਦੀ ਸਥਿਤੀ ਵਿੱਚ ਕੋਈ ਵੱਡਾ ਸੁਧਾਰ ਨਹੀਂ ਆਇਆ ਹੈ। ਉਹ ਚਰਚ ਅਤੇ ਸਮਾਜ ਦੋਵਾਂ ਵਿੱਚ ਵੰਚਿਤ ਰਹਿੰਦੇ ਹਨ ਅਤੇ ਸਰਕਾਰੀ ਨੀਤੀਆਂ ਨੇ ਉਨ੍ਹਾਂ ਨੂੰ ਹੋਰ ਪਛਾੜ ਦਿੱਤਾ ਹੈ। ਬਾਲਾਕ੍ਰਿਸ਼ਨਨ ਕਮਿਸ਼ਨ ਦੀ ਰਿਪੋਰਟ ਤੋਂ ਉਮੀਦ ਹੈ, ਪਰ ਅਜੇ ਤੱਕ ਉਡੀਕ ਜਾਰੀ ਹੈ।

# ਸ਼ਹੀਦ ਅਜੈਬ ਸਿੰਘ ਕਾਲਾਝਾੜ ਦੀ 29ਵੀਂ ਬਰਸੀ ਨੂੰ ਸਮਰਪਿਤ ਨਿੱਜੀਕਰਨ ਵਿਰੁੱਧ ਕਨਵੈਂਸ਼ਨ ਆਯੋਜਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 313 ਦਸੰਬਰ
INTERNATIONAL PAPER, 94636 01616
hardipchumber57@gmail.com



ਸੰਗਰੂਰ,30 ਦਸੰਬਰ (ਜਗਸੀਰ ਸਿੰਘ)- ਅੱਜ ਪਿੰਡ ਕਾਲਾਝਾੜ ਵਿਚ ਸ਼ਹੀਦ ਅਜੈਬ ਸਿੰਘ ਕਾਲਾਝਾੜ ਦੀ ਸ਼ਹੀਦੀ ਲਾਟ ਵਿਖੇ ਵੱਡੀ ਗਿਣਤੀ ਕਿਸਾਨਾਂ, ਮਜ਼ਦੂਰਾਂ ਪਿੰਡ ਵਾਸੀਆਂ , ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਇਸ ਕਨਵੈਂਸ਼ਨ ਵਿੱਚ ਕੇਂਦਰ ਹਕੂਮਤ ਵੱਲੋਂ ਪੇਸ਼ ਕੀਤੇ ਬਿਜਲੀ ਸੋਧ ਬਿਲ, ਨਵਾਂ ਬੀਜ ਬਿਲ ,ਕਿਰਤ ਸਬੰਧੀ ਚਾਰ ਕੋਡ ਪਾਸ ਕਰਨ ਅਤੇ ਕੇਂਦਰ ਹਕੂਮਤ ਦੀ ਨਿਜੀ ਕਰਨ ਦੀ ਨੀਤੀ ਦਾ ਜੋਰਦਾਰ ਵਿਰੋਧ ਕੀਤਾ ਗਿਆ ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਬਲਾਕ ਭਵਾਨੀਗੜ੍ਹ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਘਰਾਚੋਂ, ਪਟਿਆਲਾ ਜ਼ਿਲ੍ਹਾ ਸੰਗਠਨ ਸਕੱਤਰ ਬਲਰਾਜ ਜੋਸ਼ੀ, ਜ਼ਿਲ੍ਹਾ ਪ੍ਰਧਾਨ ਪਟਿਆਲਾ ਜਸਵਿੰਦਰ ਸਿੰਘ ਬਰਾਸ ਨੇ ਸੰਬੋਧਨ ਕੀਤਾ। ਇਸ ਮੌਕੇ ਲੋਕ ਮੋਰਚਾ ਪੰਜਾਬ ਦੇ ਸੂਬਾ ਜੱਥੇਬੰਦਕ ਸਕੱਤਰ ਮਾਸਟਰ ਜਗਮੇਲ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਹਕੂਮਤ ਸਾਮਰਾਜੀ ਦੇਸ਼ਾਂ, ਬਹੁ ਰਾਸ਼ਟਰੀ ਕੰਪਨੀਆਂ ਅਤੇ ਭਾਰਤ ਦੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ਉੱਤੇ ਉਹਨਾਂ ਦੇ ਹਿਤਾਂ ਦੀ ਰਾਖੀ ਕਰਨ ਵਾਸਤੇ ਇਹ ਕਾਨੂੰਨ ਲਿਆ ਰਹੀ ਹੈ ਤਾਂ ਕਿ ਲੋਕਾਂ ਉੱਤੇ ਵੱਧ ਤੋਂ ਵੱਧ ਆਰਥਿਕ ਬੋਝ ਪਾ ਕੇ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰਾਂ ਅਤੇ ਮੁਨਾਫਿਆਂ ਨੂੰ ਦੂਣ ਸਵਾਇਆ ਕੀਤਾ ਜਾਵੇ। ਇਹਨਾਂ ਆਗੂਆਂ ਨੇ ਮੋਦੀ ਹਕੂਮਤ ਵੱਲੋਂ ਸਾਮਰਾਜੀ ਦੇਸ਼ਾਂ ਨਾਲ ਕੀਤੇ ਜਾ ਰਹੇ ਖੁੱਲੇ ਵਪਾਰ ਦੇ ਸਮਝੌਤੇ ਅਤੇ ਕਾਰਪੋਰੇਟ ਘਰਾਣਿਆਂ ਨੂੰ ਦੇਸ਼ ਦੇ ਕੁਦਰਤੀ ਸਰੋਤਾਂ ਨੂੰ ਕੌਡੀਆਂ ਦੇ ਭਾਅ ਲੁਟਾਉਣ ਅਤੇ ਵਾਤਾਵਰਨ ਦਾ ਸੱਤਿਆਨਾਸ ਕਰਨ ਵਾਲੀਆਂ ਅਖੌਤੀ ਵਿਕਾਸ ਦੀਆਂ ਨੀਤੀਆਂ ਦੀ ਜੋਰਦਾਰ ਨਿਖੇਧੀ ਕੀਤੀ। ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਦਬਾਉਣ ਖਾਸ ਕਰਕੇ ਆਦਿਵਾਸੀ ਖੇਤਰ ਦੇ ਲੋਕਾਂ ਉੱਤੇ ਅੰਧਾ ਧੁੰਦ ਜਬਰ ਕਰਨ, ਦੇਸ਼ ਦੀਆਂ ਜਮੀਨਾਂ ਨੂੰ ਸਸਤੇ ਭਾਅ 'ਤੇ ਹਥਿਆਉਣ ਅਤੇ ਮਨਰੇਗਾ ਕਾਨੂੰਨ ਨੂੰ ਸੋਧ ਕੇ ਪੇਂਡੂ ਗਰੀਬਾਂ ਦਾ ਰੁਜ਼ਗਾਰ ਦਾ ਹੱਕ ਖੋਹਣ ਅਤੇ ਕਿਰਤੀਆਂ ਸਬੰਧੀ ਬਣੇ ਕਾਨੂੰਨਾਂ ਨੂੰ ਸੋਧ ਕੇ ਚਾਰ ਕੋਡਾਂ ਵਿੱਚ ਬਦਲਣ ਦਾ ਫੈਸਲਾ ਕਰਕੇ ਉਹਨਾਂ ਦੇ ਜਮਹੂਰੀ ਹੱਕਾਂ 'ਤੇ ਡਾਕਾ ਮਾਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਇਹਨਾਂ ਕਾਨੂੰਨਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਇਸ ਤੋਂ ਅਗਾਂਹ ਬੁਲਾਰਿਆਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਨਿੱਜੀਕਰਨ ਦੀ ਨੀਤੀ ਮੁਕੰਮਲ ਤੌਰ ਉੱਤੇ ਰੱਦ ਕਰਨ, ਨਿੱਜੀਕਰਨ ਕੀਤੇ ਗਏ ਅਦਾਰਿਆਂ ਨੂੰ ਮੁੜ ਸਰਕਾਰੀ ਕੰਟਰੋਲ ਹੇਠ ਲੈਣ, ਸਾਮਰਾਜੀ ਅਤੇ ਭਾਰਤੀ ਵੱਡੇ ਕਾਰਪੋਰੇਟਾਂ ਦੀਆਂ ਕੰਪਨੀਆਂ ਨੂੰ ਲੁੱਟ ਦੀਆਂ ਖੁੱਲ੍ਹਾਂ ਦੇਣੀਆਂ ਬੰਦ ਕਰਨ, ਭਾਰਤੀ ਮੰਡੀ ਅਤੇ ਚੁਗਿਰਦੇ ਅੰਦਰ ਇਹਨਾਂ ਦਾ ਦਾਖ਼ਲਾ ਬੰਦ ਕਰਨ, ਲੋਕਾਂ ਦੀ ਲੁੱਟ ਦੇ ਸਿਰ ਤੇ ਇਕੱਠੀ ਕੀਤੀ ਇਹਨਾਂ ਦੀ ਪੂੰਜੀ ਜਬਤ ਕਰਨ, ਵੱਡੇ ਧਨਾਢਾਂ, ਕਾਰਪੋਰੇਟਾਂ ਅਤੇ ਵੱਡੇ ਭੋਂ ਮਾਲਕਾਂ ਉੱਤੇ ਭਾਰੀ ਟੈਕਸ ਲਾ ਕੇ ਸਰਕਾਰੀ ਅਦਾਰਿਆਂ ਲਈ ਪੂੰਜੀ ਜੁਟਾਉਣ, ਵੱਡੇ ਕਾਰਪੋਰੇਟਾਂ ਨੂੰ ਦਿੱਤੀਆਂ ਜਾਂਦੀਆਂ ਸਭ ਰਿਆਇਤਾਂ/ ਛੋਟਾਂ ਰੱਦ ਕਰਕੇ ਲੋਕਾਂ ਨੂੰ ਵਧੇਰੇ ਸਹੂਲਤਾਂ ਦੇਣ, ਭਾਰਤ ਅਮਰੀਕਾ ਵਪਾਰ ਵਾਰਤਾ ਬੰਦ ਕਰਨ ਅਤੇ ਸਾਮਰਾਜੀਆਂ ਨਾਲ ਕੀਤੇ ਸਭ ਸਮਝੌਤੇ ਸੰਧੀਆਂ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ। ਅਜਿਹਾ ਕਰਨ ਲਈ ਲੋਕਾਂ ਨੂੰ ਬੁਰਜੂਆ ਪਾਰਲੀਮੈਂਟ ਪਾਰਟੀਆਂ ਤੋਂ ਭਲੇ ਦੀ ਝਾਕ ਛੱਡ ਕੇ ਇਨਕਲਾਬੀ ਜਥੇਬੰਦੀਆਂ ਵੱਲੋਂ ਨਵਾਂ ਸਮਾਜ ਸਿਰਜਣ ਦੇ ਸੰਘਰਸ਼ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਕਨਵੈਂਸ਼ਨ ਵਿੱਚ ਜੇਲਾਂ ਦੇ ਵਿੱਚ ਡੱਕੇ ਬੁੱਧੀਜੀਵੀਆਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਆਗੂਆਂ ਨੂੰ ਝੂਠੇ ਕੇਸਾਂ ਵਿੱਚ ਉਲਝਾਉਣ ਅਤੇ ਕਾਲੇ ਕਾਨੂੰਨਾਂ ਤਹਿਤ ਜੇਲਾਂ ਵਿੱਚ ਡੱਕਣ ਦਾ ਵਿਰੋਧ ਕਰਦਿਆਂ ਇਹਨਾਂ ਆਗੂਆਂ ਨੂੰ ਤੁਰੰਤ ਰਿਹਾ ਕਰਨ ਦੀ ਮੰਗ ਕੀਤੀ। ਕਨਵੈਂਸ਼ਨ ਦੁਆਰਾ ਪਾਸ ਕੀਤੇ ਮਤੇ 'ਚ ਮੰਗ ਕੀਤੀ ਗਈ ਕਿ ਦੇਸ਼ ਅੰਦਰ ਫਿਰਕਾ ਪ੍ਰਸਤੀ ਭੜਕਾ ਕੇ ਧਾਰਮਿਕ ਵੰਡੀਆਂ ਪਾਉਣਾ ਅਤੇ ਧਾਰਮਿਕ ਘੱਟ ਗਿਣਤੀਆਂ ਉੱਤੇ ਜਬਰ ਬੰਦ ਕੀਤਾ ਜਾਵੇ। ਇਸ ਮੌਕੇ ਅਰਸ਼ ਕਾਲਾਝਾੜ ਦੀ ਨਿਰਦੇਸ਼ਨਾ ਹੇਠ ਕੋਰਿਓਗ੍ਰਾਫੀ "ਸੂਰਜਾ ਸੂਰਜਾ ਫੱਟੀ ਸੁਕਾ" ਕੀਤਾ ਗਿਆ। ਇਸ ਤੋਂ ਇਲਾਵਾ ਜਗਸੀਰ ਸਿੰਘ ਸਲੇਮਗੜ੍ਹ ਅਤੇ ਰਾਮ ਸਿੰਘ ਹਠੂਰ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਅੰਤ ਵਿੱਚ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ ਨੇ ਆਏ ਹੋਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਤੇ ਸਟੇਜ ਸਕੱਤਰ ਦੀ ਭੂਮਿਕਾ ਜਸਵੀਰ ਸਿੰਘ ਗਜੇਵਾਸ ਨੇ ਬਾਖੂਬੀ ਨਿਭਾਈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 313 ਦਸੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਬੁੱਧ ਧਾਰਮੀ ਦੇਸ਼ ਤਿਆਗ ਕਰਨ

ਤਾਰੀਖ 25 ਮਈ, 1950 ਨੂੰ 'ਸਿਲੋਂ ਬੁੱਧਿਸਟ ਕਾਂਗਰਸ'



ਦੁਆਰਾ ਸਿਲੋਂ (ਸ਼੍ਰੀਲੰਕਾ) ਦੀ ਪੁਰਾਣੀ ਰਾਜਧਾਨੀ ਕੰਡੀ ਵਿਚ 'ਵਿਸ਼ਵ ਬੁੱਧ ਪਰਿਸ਼ਦ' ਦਾ ਆਯੋਜਨ ਕੀਤਾ ਗਿਆ ਸੀ। 6 ਜੂਨ, ਤੱਕ ਇਹ ਜਾਰੀ ਰਹਿਣੀ ਸੀ। ਇਸ ਵਿੱਚ ਏਸ਼ੀਆ ਅਤੇ ਯੂਰਪੀ ਰਾਸ਼ਟਰਾਂ ਦੇ ਨੁਮਾਇੰਦੇ ਉਪਸਤਿਤ ਹੋਣ ਵਾਲੇ ਸਨ। ਇਸ ਪਰਿਸ਼ਦ ਵਿੱਚ ਬੁੱਧ ਧਰਮ ਦੀ ਸਿੱਖਿਆ ਦੇ ਅਨੁਸਾਰ ਦੁਨੀਆਂ ਵਿੱਚ ਸ਼ਾਂਤੀ ਦੀ ਸਥਾਪਨਾ 'ਤੇ ਵਿਚਾਰ ਕੀਤਾ ਜਾਣਾ ਸੀ। ਮੁੱਖ ਪ੍ਰਧਾਨ ਡੀ. ਐਸ. ਸੇਨਾ ਨਾਇਕ ਨੁਮਾਇੰਦਿਆਂ ਦਾ ਕੋਲੰਬੋ ਰੇਸਕੋਰਸ 'ਤੇ ਸੁਆਗਤ ਕਰਨ ਵਾਲੇ ਸਨ। ਇਸ ਪਰਿਸ਼ਦ ਵਿੱਚ ਭਾਰਤ ਸਰਕਾਰ ਦੇ ਕਾਨੂੰਨ ਮੰਤਰੀ ਡਾਕਟਰ ਬਾਬਾਸਾਹੇਬ ਅੰਬੇਡਕਰ ਵੀ ਸ਼ਰੀਕ ਹੋਣ ਵਾਲੇ ਸਨ।

ਤਾਰੀਖ 23 ਮਈ, 1950 ਨੂੰ ਡਾਕਟਰ ਬਾਬਾਸਾਹੇਬ ਅੰਬੇਡਕਰ ਹੈਦਰਾਬਾਦ ਹੋਕੇ ਮਦ੍ਰਾਸ ਪਹੁੰਚੇ। ਡਾਕਟਰ ਬਾਬਾਸਾਹੇਬ ਅੰਬੇਡਕਰ ਦੇ ਸੁਆਗਤ ਲਈ ਉੱਥੇ ਉਪਸਤਿਤ ਅਧਿਕਾਰੀ, ਕਰਮਚਾਰੀ, ਚਾਹਣ ਵਾਲੇ ਆਦਿ, ਜਿਨ੍ਹਾਂ ਵਿੱਚ ਪ੍ਰਮੁੱਖ ਸ਼੍ਰੀ ਕਾਮਰਾਜ ਨਾਡੇਰ ਵੀ ਸਨ। ਬਾਬਾਸਾਹੇਬ ਨੇ ਜਰਨਲਿਸਟਾਂ ਨਾਲ ਕਿਹਾ, 'ਬੁੱਧ ਧਰਮ ਬਾਰੇ ਮੈਨੂੰ ਆਸਥਾ ਹੈ ਅਤੇ ਮੈਨੂੰ ਪਰਿਸ਼ਦ ਦੀ ਤਰਫੋਂ ਸੱਦਾਪੱਤਰ ਮਿਲਿਆ ਹੈ ਇਸ ਲਈ ਮੈਂ ਉੱਥੇ ਜਾ ਰਿਹਾ ਹਾਂ।' ਉਸ ਤੋਂ ਬਾਦ ਉਹ ਕੋਲੰਬੋ ਦੀ ਤਰਫ਼ ਰਵਾਨਾ ਹੋਏ।

ਅੱਜ ਤੋਂ ਛੇ ਸਾਲ ਬਾਅਦ ਬੁੱਧ ਯੁਗ ਦੇ 2500 ਸਾਲ ਪੂਰੇ ਹੋਣਗੇ, ਤਾਂ ਦੁਨੀਆ ਵਿੱਚ ਬੁੱਧ ਧਰਮ ਦੀ ਲਹਿਰ ਫੈਲੀ ਹੋਵੇਗੀ, ਇਹ ਆਸ਼ਾਵਾਦ ਵਿਸ਼ਵ ਬੁੱਧ ਭਾਈਚਾਰੇ ਦੇ ਸਥਾਪਨਾ ਕਰਨ ਵਾਲੇ ਸੁਨੇਹਾ ਨੇ ਕੰਡੀ (ਸਿਲੋਨ) ਵਿੱਚ ਆਯੋਜਿਤ ਕਰਨ ਵਾਲੀ ਇਸ ਪਰਿਸ਼ਦ ਵਿੱਚ ਵਿਅਕਤ ਕੀਤਾ। ਇਸ ਪ੍ਰਸਤਾਵ ਲਈ ਇੰਗਲੈਂਡ ਦੀ ਸੁਸ਼੍ਰੀ ਕੋਂਸਟੈਂਸ ਲੌਂਸਬਰੀ, ਬ੍ਰਹਮਦੇਸ ਦੇ ਯੂ ਚਾਨ ਚਨ, ਬੰਗਾਲ ਦੇ ਡਾਕਟਰ ਅਰਵਿੰਦ ਬਰੂਆ, ਜਾਪਾਨ ਦੇ ਗੀਰੀ ਨਾਕਾਇਆਮਾ, ਇਟਲੀ ਦੇ ਲੋਕਨਾਇਕ ਅਤੇ ਥਾਈਲੈਂਡ ਦੇ ਸੁਵਿਟ ਨਿਮਹੇਂਦਿਰ ਨੇ ਸਮਰਥਨ ਕੀਤਾ।

ਤਾਰੀਖ 26 ਮਈ, 1950 ਨੂੰ ਇੱਥੇ ਦੇ 'ਟੈਂਪਲ ਆਫ ਦਿ ਟੂਥ' ਨਾਮਕ ਬਿਹਾਰ ਵਿੱਚ 27 ਦੇਸ਼ਾਂ ਦੇ ਬੁੱਧਧਰਮੀ ਨੁਮਾਇੰਦਿਆਂ ਨੇ ਇਕੱਠਾ ਹੋਇਆ ਅਤੇ ਉਨ੍ਹਾਂ ਨੇ ਬੁੱਧ ਧਰਮ ਦੇ ਪੁਨਰੁਤਉਥਾਨ ਬਾਰੇ ਚਰਚਾ ਕੀਤੀ। ਭਾਰਤ ਦੇ ਕਾਨੂੰਨ ਮੰਤਰੀ ਡਾਕਟਰ ਬੀ. ਆਰ. ਅੰਬੇਡਕਰ ਵੀ ਇਸ ਮੌਕੇ 'ਤੇ ਉਪਸਤਿਤ ਸਨ। ਹਾਲਾਂਕਿ ਐਧਿਕਾਰੀ ਨੁਮਾਇੰਦਿਆਂ ਨਾਂ ਹੋਣ ਕਾਰਨ ਉਨ੍ਹਾਂ ਨੇ ਚਰਚਾ ਵਿੱਚ ਭਾਗ ਨਹੀਂ ਲਿਆ। ਵਿਸ਼ਵ ਮੈਤ੍ਰੀ ਦੇ ਪ੍ਰਸਤਾਵ ਦੇ ਮਨਜ਼ੂਰ ਹੋਣ ਤੋਂ ਬਾਅਦ ਬਾਬਾਸਾਹੇਬ ਦਾ ਭਾਸ਼ਣ ਹੋਇਆ। ਉਨ੍ਹਾਂ ਨੇ ਕਿਹਾ-

ਮੈਂ ਇਸ ਭਰਾਤ੍ਰੂ ਸੰਘ ਦਾ ਭਲੇ ਮੈਂਬਰ ਨਹੀਂ ਬਣਿਆ ਹਾਂ, ਪਰ ਮੇਰਾ ਇਸ ਮੁਲਾਕਤ ਦਾ ਉਦੇਸ਼ ਬਹੁਤ ਗੰਭੀਰ ਹੈ। ਸਾਰੇ ਬੁੱਧ ਦੇਸ਼ਾਂ ਨੂੰ ਚਾਹੀਦੇ ਕਿ ਉਹ ਸਿਰਫ ਭਰਾਤ੍ਰੂ ਸੰਘ ਦੀ ਸਥਾਪਨਾ ਕਰਨ ਦੇ ਬਜਾਏ ਬੁੱਧ ਧਰਮ ਦੇ ਪ੍ਰਚਾਰ ਲਈ ਤਿਆਗ ਕਰਨ ਦੀ ਮਾਨਸਿਕ ਤਿਆਰੀ ਕਰਨ। ਬੁੱਧ ਧਰਮ ਦੇ ਸਮਾਰੋਹ ਭਾਰਤ ਦੇ ਲੋਕਾਂ ਨੂੰ ਦੇਖਣ ਦਾ ਮੌਕਾ ਮਿਲਣਾ ਚਾਹੀਦਾ ਹੈ। ਭਾਰਤ ਦੇ ਕਾਨੂੰਨ ਮੰਤਰੀ ਨੇ ਇਸ ਮੌਕੇ 'ਤੇ ਕਿਹਾ ਕਿ, ਮੈਂ ਚਾਹਦਾ ਹਾਂ ਕਿ ਭਾਰਤ ਵਿੱਚ ਬੁੱਧ ਧਰਮ ਦੇ ਕੇਵਲ ਬਾਹਰੋਪਚਾਰ ਦਾ ਹੀ ਅਨੁਸਰਨ ਕੀਤਾ ਜਾਵੇ ਜਾਂ ਫਿਰ ਸਹੀ ਬੁੱਧ ਧਰਮ ਦਾ ਅਨੁਸਰਨ ਕੀਤਾ ਜਾਵੇ, ਇਸ ਬਾਰੇ ਭਾਰਤੀ ਜਾਣਣ। ਬੁੱਧ ਧਰਮ ਜਾਗਰਤ ਹੈ ਜਾਂ ਸਿਰਫ ਪਰੰਪਰਾਤਮਕ ਹੈ ਇਹ ਵੀ ਮੈਂ ਦੇਖਣਾ ਚਾਹੁੰਦਾ ਹਾਂ।

ਵਿਸ਼ਵ ਮੈਤ੍ਰੀ ਪ੍ਰਸਤਾਵ ਦੇ ਬਾਰੇ ਵਿੱਚ ਵੀ ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਨਾਰਾਜਗੀ ਪ੍ਰਗਟ ਕੀਤੀ। ਆਪਣੀ ਨਾਪਸੰਦੀ ਪ੍ਰਗਟ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਬੁੱਧ ਧਰਮੀ ਦੇਸ਼ਾਂ ਨੂੰ ਇਸ ਧਰਮ ਦੇ ਵਿਸ਼ਤਾਰ ਲਈ ਕਮਰ ਕਸਣੀ ਚਾਹੀਦੀ ਹੈ, ਉਸ ਲਈ ਜ਼ਰੂਰੀ

"ਇਕੁਐਲਿਟੀ ਐਂਡ ਜਸਟਿਸ"
"Equality and Justice" Rs- 100/month
स्वतंत्रता, समानता, भाईचारा



ਤਿਆਗ ਕਰਨ ਚਾਹੀਦੇ ਅਤੇ ਅਜਿਹੀ ਕੋਈ ਘੋਸ਼ਣਾ ਪਰਿਸ਼ਦ ਵਿੱਚ ਹੋਣੀ ਚਾਹੀਦੀ ਸੀ।

ਬਾਬਾਸਾਹੇਬ ਨੇ ਕਿਹਾ ਕਿ-

"1. ਬੁੱਧ ਧਰਮ ਦੇ ਆਚਾਰ (ਪੱਧਤੀ) ਅਤੇ ਉਚਾਰ (ਵਿਚਾਰ) ਭਾਰਤ ਵਿੱਚ ਦੇਖਣ ਨੂੰ ਨਹੀਂ ਮਿਲਦੇ, ਉਨ੍ਹਾਂ ਨੂੰ ਦੇਖਣ ਦੇ ਮੌਕੇ ਦਾ ਲਾਭ ਦਿਓ।

2. ਸਾਥੀ ਇਹ ਵੀ ਦੇਖੋ ਕਿ ਬੁੱਧ ਧਰਮ ਦੇ ਮੂਲ ਸਿੱਧਾਂਤਾਂ ਨਾਲ ਮੇਲ ਨਾ ਖਾਣ ਵਾਲੀਆਂ ਸ਼੍ਰਧਾਵਾਂ ਤੋਂ ਬੁੱਧ ਧਰਮੀ ਕਿੰਨੇ ਗ੍ਰਸਤ ਹਨ ਅਤੇ ਮੂਲ ਵਿਸ਼ੁੱਦ ਰੂਪ ਵਿੱਚ ਉਹ ਧਰਮ ਕਿੰਨਾ ਬਚਿਆ ਹੈ।

3. ਅਤੇ ਦੁਨੀਆਂ ਸਿਲੋਨ ਨੂੰ ਬੁੱਧ ਧਰਮੀ ਕਹਿੰਦੀ ਹੈ ਇਸ ਲਈ ਸਿਲੋਨ ਬੁੱਧ ਧਰਮੀ ਹੈ ਜਾਂ ਕਿ ਉਹ ਧਰਮ ਅਜੇ ਵੀ ਉੱਥੇ ਜੀਵੰਤ ਰੂਪ ਵਿੱਚ ਪ੍ਰਚਲਿਤ ਹੈ ਇਸ ਬਾਰੇ ਖੋਜ ਕਰੋ।

ਮੈਂ ਇਨ੍ਹਾਂ ਤਿੰਨ ਉਦ੍ਦੇਸ਼ਾਂ 'ਤੇ ਕੰਮ ਕਰਨ ਦੇ ਉਦੇਸ਼ ਨਾਲ ਇਸ ਪਰਿਸ਼ਦ ਵਿੱਚ ਆਇਆ ਹਾਂ। ਮਿਤਰਤਾ ਦੇ ਪ੍ਰਸਤਾਵ ਅਨੁਸਾਰ ਮੈਂ ਅਧਿਕਾਰਿਤ ਤੌਰ ਤੇ ਮਿੱਤਰ ਨਾ ਹੋਵਾਂ, ਪਰ ਇੱਥੇ ਆਉਣ ਦਾ ਮੇਰਾ ਉਦੇਸ਼ ਗੰਭੀਰ ਹੈ। """ """

# ਐੱਸ.ਐੱਮ.ਓ ਵੱਲੋਂ ਆਯੁਸ਼ਮਾਨ ਅਰੋਗਿਆ ਕੇਂਦਰ ਦਾ ਅਚਨਚੇਤ ਦੌਰਾ

## ਰਿਕਾਰਡ ਨਾਲੋਂ ਨਾਲ ਅਪਡੇਟ ਕਰਨ ਦੇ ਦਿੱਤੇ ਨਿਰਦੇਸ਼

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 313 ਦਸੰਬਰ
INTERNATIONAL PAPER, 94636 01616
hardipchumber57@gmail.com

ਕੀਰਤਪੁਰ ਸਾਹਿਬ (30 ਦਸੰਬਰ, 2025): ਸੀਨੀਅਰ ਮੈਡੀਕਲ ਅਫ਼ਸਰ ਡਾ. ਸੁਰਜੀਤ ਸਿੰਘ ਨੇ ਬਲਾਕ ਕੀਰਤਪੁਰ ਸਾਹਿਬ ਦੇ ਆਯੁਸ਼ਮਾਨ ਅਰੋਗਿਆ ਕੇਂਦਰ ਗੱਜਪੁਰ ਦਾ ਅਚਨਚੇਤ ਦੌਰਾ ਕੀਤਾ। ਇਸ ਦੌਰਾਨ ਉਹਨਾਂ ਨੇ NQAS (ਨੇਸ਼ਨਲ ਕੁਆਲਿਟੀ ਅਸ਼ੋਰੈਂਸ ਸਟੈਂਡਰਡ) ਅਧੀਨ ਆਨਲਾਈਨ ਮਾਧਿਅਮ ਜ਼ਰੀਏ ਹੋਣ ਵਾਲੇ ਮੁਲਾਂਕਣ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਸਟਾਫ਼ ਨੂੰ ਨਿਯਮਿਤ ਤੌਰ 'ਤੇ ਸਾਰੇ ਦਸਤਾਵੇਜ਼ ਅਤੇ ਰਿਕਾਰਡ



ਅਪਡੇਟ ਰੱਖਣ ਦੀ ਸਖ਼ਤ ਹਿਦਾਇਤ ਦਿੱਤੀ।

ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਉਹਨਾਂ ਵੱਲੋਂ ਕੀਤੇ ਗਏ ਇਸ ਅਚਨਚੇਤ ਦੌਰੇ ਦਾ ਮਕਸਦ ਸਿਹਤ ਕੇਂਦਰਾਂ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਗੁਣਵੱਤਾ ਵਿਚ ਸੁਧਾਰ ਲਿਆਉਣਾ ਹੈ। ਡਾਕਟਰ ਸੁਰਜੀਤ ਸਿੰਘ ਨੇ ਕਿਹਾ ਕਿ ਅਚਨਚੇਤ ਦੌਰਾ ਕਰਨ ਦਾ ਇਹ ਸਿਲਸਿਲਾ ਨਵੇਂ ਸਾਲ ਵਿੱਚ ਵਿਚ ਜਾਰੀ ਰਹੇਗਾ। ਉਹਨਾਂ NQAS ਦੇ ਜ਼ਿਲ੍ਹਾ ਨੋਡਲ ਅਧਿਕਾਰੀ, ਰੂਪਨਗਰ ਡਾਕਟਰ ਹਰਲੀਨ ਕੌਰ ਦੀ ਯੋਗ ਅਗਵਾਈ ਵਿੱਚ NQAS ਅਧੀਨ ਰਾਸ਼ਟਰੀ ਮਾਨਤਾ ਪ੍ਰਾਪਤ ਕਰਨ ਵਾਲੇ ਅਤੇ ਰਾਸ਼ਟਰੀ ਮਾਨਤਾ ਲਈ ਤਿਆਰੀਆਂ ਕਰ ਰਹੇ ਸਾਰੇ ਆਯੁਸ਼ਮਾਨ ਅਰੋਗਿਆ ਕੇਂਦਰਾਂ ਨੂੰ ਆਪਣਾ ਰਿਕਾਰਡ ਅੱਪ-ਟੂ-ਡੇਟ ਰੱਖਣ ਦੇ ਨਾਲ ਨਾਲ ਦਵਾਈਆਂ ਦਾ ਸਟਾਕ ਪੂਰਾ ਰੱਖਣ ਅਤੇ ਸਾਫ਼ ਸਫ਼ਾਈ ਦਾ ਪੂਰਾ ਧਿਆਨ ਰੱਖਣ ਦੀ ਹਿਦਾਇਤ ਵੀ ਕੀਤੀ। ਉਹਨਾਂ ਕਿਹਾ ਕਿ ਰਾਸ਼ਟਰੀ ਮਾਨਤਾ ਹਾਸਲ ਕਰਨਾ ਅਤੇ ਮਾਨਤਾ ਮਿਲਣ ਉਪਰੰਤ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਸਿਹਤ ਸਹੂਲਤਾਂ ਦੇ ਮਿਆਰ ਵਿਚ ਸੁਧਾਰ ਲਈ ਨਿਰਤਰ ਯਤਨਸ਼ੀਲ ਰਹਿਣਾ ਹੀ NQAS ਦਾ ਮੁੱਖ ਮਕਸਦ ਹੈ ਅਤੇ ਇਹ ਪੂਰੀ ਟੀਮ ਦੇ ਮਿਲਜੁਲ ਕੇ ਕੰਮ ਕਰਨ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ।

ਬਲਾਕ ਐਕਸਟੈਨਸ਼ਨ ਐਜੂਕੇਟਰ ਰਤਿਕਾ ਓਬਰਾਏ ਨੇ ਦੱਸਿਆ ਕਿ ਇਸ ਮੌਕੇ ਸੀ.ਐਚ.ਓ ਪੂਨਮ, ਸੀ.ਓ ਭਰਤ ਕਪੂਰ, ਏ.ਐਨ.ਐਮ ਕੁਲਵਿੰਦਰ ਕੌਰ ਅਤੇ ਆਸ਼ਾ ਵਰਕਰ ਹਾਜ਼ਰ ਸਨ।

# ਸਾਂਸ ਪ੍ਰੋਗਰਾਮ ਰਾਹੀਂ ਭਰਤਗੜ੍ਹ ਦੇ ਝੁੱਗੀ ਝੋਪੜੀ ਇਲਾਕੇ ਵਿੱਚ ਮਾਂ ਤੇ ਬੱਚੇ ਦੀ ਸਿਹਤ ਲਈ ਜਾਗਰੂਕਤਾ ਦੀ ਮਜ਼ਬੂਤ ਕੜੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 313 ਦਸੰਬਰ
INTERNATIONAL PAPER, 94636 01616
hardipchumber57@gmail.com

ਸ਼੍ਰੀ ਕੀਰਤਪੁਰ ਸਾਹਿਬ, 30 ਦਸੰਬਰ: ਪੰਜਾਬ ਸਰਕਾਰ ਵੱਲੋਂ ਮਾਂ ਅਤੇ ਬੱਚੇ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਜਿਲ੍ਹਾ ਟੀਕਾਕਰਨ ਅਧਿਕਾਰੀ ਡਾ. ਨਵਰੂਪ ਕੌਰ ਦੀ ਅਗਵਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਭਰਤਗੜ੍ਹ ਦੇ ਸਟਾਫ ਵੱਲੋਂ ਭਰਤਗੜ੍ਹ ਦੇ ਝੁੱਗੀ ਝੋਪੜੀ ਇਲਾਕੇ ਵਿੱਚ ਗਰਭਵਤੀ ਮਹਿਲਾਵਾਂ ਅਤੇ ਨਵਜਾਤ ਬੱਚਿਆਂ ਦੀ ਸੰਭਾਲ ਸੰਬੰਧੀ ਵਿਸ਼ੇਸ਼ ਜਾਗਰੂਕਤਾ ਗਤੀਵਿਧੀ ਆਯੋਜਿਤ ਕੀਤੀ



ਗਈ। ਇਹ ਗਤੀਵਿਧੀ ਸਾਂਸ ਪ੍ਰੋਗਰਾਮ ਦੇ ਤਹਿਤ ਕਰਵਾਈ ਗਈ, ਜਿਸ ਦਾ ਮਕਸਦ ਬੱਚਿਆਂ ਨੂੰ ਸਾਹ ਨਾਲ ਜੁੜੀਆਂ ਬਿਮਾਰੀਆਂ ਤੋਂ ਬਚਾਉਣਾ ਹੈ।

ਇਹ ਜਾਗਰੂਕਤਾ ਗਤੀਵਿਧੀ ਹੈਲਥ ਸੁਪਰਵਾਈਜ਼ਰ ਪ੍ਰੋਮਿਲਾ ਅਤੇ ਕੁਲਵੰਤ ਕੌਰ ਵੱਲੋਂ ਕਰਵਾਈ ਗਈ। ਇਸ ਦੌਰਾਨ ਗਰਭ ਅਵਸਥਾ ਦੌਰਾਨ ਨਿਯਮਿਤ ਜਾਂਚ, ਸੰਤੁਲਿਤ ਖੁਰਾਕ, ਟੀਕਾਕਰਨ, ਨਵਜਾਤ ਬੱਚੇ ਦੀ ਸਹੀ ਦੇਖਭਾਲ, ਮਾਂ ਦਾ ਦੁੱਧ ਪਿਲਾਉਣ ਦੀ ਮਹੱਤਤਾ ਅਤੇ ਬੱਚਿਆਂ ਵਿੱਚ ਸਾਹ ਸੰਬੰਧੀ ਬਿਮਾਰੀਆਂ ਦੇ ਲੱਛਣਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਨਾਲ ਹੀ ਗੰਭੀਰ ਲੱਛਣਾਂ ਦੀ ਪਛਾਣ ਕਰਕੇ ਸਮੇਂ ਸਿਰ ਨਜ਼ਦੀਕੀ ਸਿਹਤ ਸੰਸਥਾ ਨਾਲ ਸੰਪਰਕ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਗਿਆ।

ਸੀਨੀਅਰ ਮੈਡੀਕਲ ਅਫਸਰ ਕਮਿਊਨਿਟੀ ਹੈਲਥ ਸੈਂਟਰ ਭਰਤਗੜ੍ਹ ਡਾ. ਆਨੰਦ ਘਾਈ ਨੇ ਕਿਹਾ ਕਿ ਗਰਭਵਤੀ ਮਹਿਲਾਵਾਂ ਅਤੇ ਨਵਜਾਤ ਬੱਚਿਆਂ ਦੀ ਸਮੇਂ ਸਿਰ ਅਤੇ ਸਹੀ ਸੰਭਾਲ ਨਾਲ ਬੱਚਿਆਂ ਨੂੰ ਗੰਭੀਰ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਂਸ ਪ੍ਰੋਗਰਾਮ ਬੱਚਿਆਂ ਦੀ ਜਾਨ ਬਚਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਡਾ. ਆਨੰਦ ਘਾਈ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਾਂ ਅਤੇ ਬੱਚੇ ਦੀ ਸਿਹਤ ਨਾਲ ਜੁੜੀਆਂ ਸਰਕਾਰੀ ਸਿਹਤ ਸੇਵਾਵਾਂ ਦਾ ਪੂਰਾ ਲਾਭ ਲੈਣ ਅਤੇ ਬੱਚਿਆਂ ਵਿੱਚ ਕਿਸੇ ਵੀ ਤਰ੍ਹਾਂ ਦੇ ਖ਼ਤਰਨਾਕ ਲੱਛਣ ਨਜ਼ਰ ਆਉਣ 'ਤੇ ਤੁਰੰਤ ਸਿਹਤ ਕੇਂਦਰ ਨਾਲ ਸੰਪਰਕ ਕਰਨ।

# ਐਮ.ਐਲ.ਜੀ ਕਾਨਵੈਂਟ ਸਕੂਲ ਵਿਖੇ ਚਿਤਕਾਰਾ ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਸੈਮੀਨਾਰ ਦਾ ਆਯੋਜਨ

"Equality and justice"
Patiala 313 December
INTERNATIONAL PAPER, 94636 01616
hardipchumber57@gmail.com

ਚੀਮਾ ਮੰਡੀ,30 ਦਸੰਬਰ (ਜਗਸੀਰ ਸਿੰਘ) - ਇਲਾਕੇ ਦੀ ਨਾਮਵਰ ਸੰਸਥਾ ਐਮ.ਐਲ. ਜੀ ਕਾਨਵੈਂਟ ਸਕੂਲ (ਸੀ. ਬੀ.ਐਸ.ਈ, ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ) ਦੇ ਕੈਂਪਸ ਵਿੱਚ ਮਾਰਗਦਰਸ਼ਨ ਅਤੇ ਸਲਾਹ ਦੇਣ ਲਈ ਚਿਤਕਾਰਾ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਖਾਸ ਕਰ ਕੇ ਕਲਾਸ 11ਵੀਂ ਅਤੇ 12ਵੀਂ ਦੇ ਵਿਦਿਆਰਥੀ ਸ਼ਾਮਿਲ ਹੋਏ। ਇਸ ਮੌਕੇ ਰਿਸੋਸ ਪਰਸਨ ਦੇ ਤੌਰ 'ਤੇ ਕੋਆਰਡੀਨੇਟਰ ਸੰਜੀਵ ਕੁਮਾਰ ਅਤੇ ਕੁਲਵਿੰਦਰ



ਸਿੰਘ ਹਾਜ਼ਰ ਰਹੇ, ਉਨ੍ਹਾਂ ਵਿਦਿਆਰਥੀਆਂ ਨੂੰ ਅਗਲੀ ਪ੍ਰੀਖਿਆ ਦੇ ਪ੍ਰਾਰੰਭਿਕ ਪੜਾਅ, ਮੁੱਖ ਪ੍ਰੀਖਿਆ ਅਤੇ ਸਰੂਪ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਕੂਲ ਦੇ ਪ੍ਰਿੰਸੀਪਲ ਡਾ. ਵਿਕਾਸ ਸੂਦ ਨੇ ਕਿਹਾ ਕਿ 12ਵੀਂ ਤੋਂ ਬਾਅਦ ਦੇ ਕੋਰਸ ਕਠਿਨ ਹਨ, ਪਰ ਸਹੀ ਮਾਰਗਦਰਸ਼ਨ, ਮਿਹਨਤ, ਢੁੱਕਵੀਂ ਤਿਆਰੀ ਅਤੇ ਦ੍ਰਿੜ ਨਿਸ਼ਚੇ ਨਾਲ ਇਸ ਨੂੰ ਪਾਸ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਚੰਗਾ ਪੜ ਲਿਖ, ਉਚੇ ਪਦ ਤੇ ਬੈਠ ਕੇ, ਦੇਸ਼ ਅਤੇ ਸਮਾਜ ਦੀ ਤਰੱਕੀ ਅਤੇ ਪ੍ਰਸ਼ਾਸਨਿਕ ਨੀਤੀ ਨਿਰਮਾਣ ਵਿੱਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ ਜਾ ਸਕਦੀ ਹੈ। ਇਹ ਸੈਮੀਨਾਰ ਵਿਦਿਆਰਥੀਆਂ ਲਈ ਬਹੁਤ ਹੀ ਜਾਣਕਾਰੀ ਪੂਰਕ ਅਤੇ ਪ੍ਰੇਰਨਾਦਾਇਕ ਸਾਬਿਤ ਹੋਇਆ। ਇਸ ਮੌਕੇ ਮੈਨੇਜਮੈਂਟ ਮੈਂਬਰ ਸੋਨੀਆ ਰਾਣੀ, ਮਧੂ ਰਾਣੀ, ਰਜਿੰਦਰ ਕੁਮਾਰ, ਹੈਪੀ ਕੁਮਾਰ, ਨਵੀਨ ਗੋਇਲ, ਪ੍ਰਿੰਸੀਪਲ ਡਾ. ਵਿਕਾਸ ਸੂਦ ਅਤੇ ਸਮੂਹ ਸਟਾਫ ਮੌਜੂਦ ਸਨ।

# ਅੰਡਰ-14 ਕ੍ਰਿਕਟ ਵਿੱਚ ਹੁਸ਼ਿਆਰਪੁਰ ਨੇ ਨਵਾਂਸ਼ਹਿਰ ਨੂੰ ਹਰਾ ਕੇ ਲਗਾਤਾਰ ਤੀਜੀ ਜਿੱਤ ਹਾਸਲ ਕੀਤੀ: ਡਾ. ਰਮਨ ਘਈ

## ਹਰਦਿੱਤਦੀਪ ਨੇ ਆਪਣਾ ਦੂਜਾ ਸੈਂਕੜਾ (107) ਲਗਾਇਆ, ਯੁਵਰਾਜ ਨੇ 38 ਦੌੜਾਂ ਬਣਾਈਆਂ, ਅਤੇ ਆਰਾਧਿਆ ਸ਼ਰਮਾ ਨੇ ਤਿੰਨ ਵਿਕਟਾਂ ਲਈਆਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 313 ਦਸੰਬਰ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ 30 ਦਸੰਬਰ (ਤਰਸੇਮ ਦੀਵਾਨਾ ) - ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਆਯੋਜਿਤ ਅੰਤਰ-ਜ਼ਿਲ੍ਹਾ ਅੰਡਰ-14 ਕ੍ਰਿਕਟ ਟੂਰਨਾਮੈਂਟ ਵਿੱਚ, ਹੁਸ਼ਿਆਰਪੁਰ ਦੀ ਟੀਮ ਨੇ ਨਵਾਂਸ਼ਹਿਰ ਨੂੰ ਹਰਾ ਕੇ ਆਪਣੀ ਲਗਾਤਾਰ ਤੀਜੀ ਜਿੱਤ ਹਾਸਲ ਕੀਤੀ। ਇਸ ਦਾ ਖੁਲਾਸਾ ਕਰਦੇ ਹੋਏ, ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਕਿਹਾ ਕਿ ਖਰਾਬ ਮੌਸਮ ਕਾਰਨ 50 ਤੋਂ ਘਟਾ ਕੇ 38 ਓਵਰ ਕੀਤੇ ਗਏ ਮੈਚ ਵਿੱਚ, ਹੁਸ਼ਿਆਰਪੁਰ ਨੇ ਹਰਦਿੱਤਦੀਪ ਸਿੰਘ ਦੇ ਸ਼ਾਨਦਾਰ 107 ਅਤੇ ਯੁਵਰਾਜ ਠਾਕੁਰ ਦੇ 37 ਦੌੜਾਂ ਦੀ ਬਦੌਲਤ ਨਵਾਂਸ਼ਹਿਰ ਨੂੰ 138 ਦੌੜਾਂ ਨਾਲ ਹਰਾ ਕੇ ਆਪਣੀ ਲਗਾਤਾਰ ਤੀਜੀ ਜਿੱਤ ਹਾਸਲ ਕੀਤੀ। ਡਾ. ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 38 ਓਵਰਾਂ ਵਿੱਚ 3 ਵਿਕਟਾਂ ਦੇ ਨੁਕਸਾਨ 'ਤੇ 107 ਦੌੜਾਂ ਦਾ ਲਗਾਤਾਰ ਦੂਜਾ ਸੈਂਕੜਾ ਬਣਾਇਆ, ਜਿਸ ਵਿੱਚ ਹਰਦਿੱਤਦੀਪ ਸਿੰਘ ਦੀਆਂ 37 ਦੌੜਾਂ, ਉਪ-ਕਪਤਾਨ ਯੁਵਰਾਜ ਠਾਕੁਰ ਦੀਆਂ 37, ਮਨਕਰਨ ਦੀਆਂ 31, ਲਕਸ਼ਦੀਪ ਸਿੰਘ ਸੰਧੂ ਦੀਆਂ 18 ਅਤੇ ਕਪਤਾਨ ਮਨਨ ਨਾਰਾਇਣ ਦੀਆਂ 15 ਦੌੜਾਂ ਦਾ ਯੋਗਦਾਨ ਸੀ। ਨਵਾਂਸ਼ਹਿਰ ਸ਼ਹਿਰ ਲਈ ਗੇਂਦਬਾਜ਼ੀ ਕਰਦੇ ਹੋਏ ਵਨੀਤ ਕੁਮਾਰ, ਆਰਵ ਚੌਧਰੀ, ਕੀਵਨ ਕੁਮਾਰ ਨੇ 1-1 ਖਿਡਾਰੀ ਨੂੰ ਆਊਟ ਕੀਤਾ। ਜਿੱਤ ਲਈ 38 ਓਵਰਾਂ ਵਿੱਚ 217 ਦੌੜਾਂ ਦਾ ਟੀਚਾ ਰੱਖਦੇ ਹੋਏ, ਨਵਾਂਸ਼ਹਿਰ ਦੀ ਟੀਮ 38 ਓਵਰਾਂ ਵਿੱਚ 8 ਵਿਕਟਾਂ ਦੇ ਨੁਕਸਾਨ 'ਤੇ ਸਿਰਫ਼ 78 ਦੌੜਾਂ ਬਣਾ ਕੇ ਆਲਆਊਟ ਹੋ ਗਈ। ਨਵਾਂਸ਼ਹਿਰ ਟੀਮ ਲਈ ਕੀਵਨ ਕੁਮਾਰ ਨੇ 20 ਦੌੜਾਂ ਅਤੇ ਅਰਸ਼ਦੀਪ ਨੇ 16 ਦੌੜਾਂ ਦਾ ਯੋਗਦਾਨ ਪਾਇਆ। ਹੁਸ਼ਿਆਰਪੁਰ ਲਈ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ, ਆਰਾਧੀ ਸ਼ਰਮਾ ਨੇ 3 ਵਿਕਟਾਂ, ਈਸ਼ਾਨ ਅੱਤਰ ਨੇ 2 ਵਿਕਟਾਂ ਅਤੇ ਕਪਤਾਨ ਮਨਨ ਨਾਰਾਇਣ, ਪਾਰਥ ਅਤੇ ਰਾਜਵੀਰ ਨੇ 1-1 ਵਿਕਟ ਲਈ। ਇਸ ਜਿੱਤ ਦੇ ਨਾਲ, ਹੁਸ਼ਿਆਰਪੁਰ ਨੇ 4 ਅੰਕ ਪ੍ਰਾਪਤ ਕੀਤੇ। ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਕਿਹਾ ਕਿ ਪਿਛਲੇ 6 ਮਹੀਨਿਆਂ ਵਿੱਚ ਜ਼ਿਲ੍ਹਾ ਕੋਚ ਦਲਜੀਤ ਸਿੰਘ, ਜੂਨੀਅਰ ਕੋਚ ਦਲਜੀਤ ਧੀਮਾਨ ਅਤੇ ਜ਼ਿਲ੍ਹਾ ਟ੍ਰੇਨਰ ਕੁਲਦੀਪ ਧਾਮੀ ਦੁਆਰਾ ਦਿੱਤੀ ਗਈ ਸਖ਼ਤ ਸਿਖਲਾਈ ਦੇ ਨਤੀਜੇ ਵਜੋਂ ਸਾਰੇ ਖਿਡਾਰੀ ਬਹੁਤ ਵਧੀਆ ਪ੍ਰਦਰਸ਼ਨ ਕਰ ਰਹੇ ਹਨ ਅਤੇ ਟੀਮ ਨੂੰ ਅੱਗੇ ਲੈ ਜਾ ਰਹੇ ਹਨ। ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ, ਡਾ. ਪੰਕਜ ਸ਼ਿਵ ਅਤੇ ਸੰਯੁਕਤ ਸਕੱਤਰ ਵਿਵੇਕ ਸਾਹਨੀ ਨੇ ਐਸੋਸੀਏਸ਼ਨ ਵੱਲੋਂ ਟੀਮ ਨੂੰ ਵਧਾਈ ਦਿੱਤੀ। ਜ਼ਿਲ੍ਹਾ ਮੁੱਖ ਕੋਚ ਦਲਜੀਤ ਸਿੰਘ, ਜੂਨੀਅਰ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ, ਦਿਨੇਸ਼ ਸ਼ਰਮਾ, ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ ਅਤੇ ਜੂਨੀਅਰ ਕੋਚ ਨਿਕਿਤਾ ਕੁਮਾਰੀ ਨੇ ਜਿੱਤ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਖਿਡਾਰੀਆਂ ਤੋਂ ਲਗਾਤਾਰ ਚੰਗੇ ਪ੍ਰਦਰਸ਼ਨ ਦੀ ਉਮੀਦ ਪ੍ਰਗਟ ਕੀਤੀ। ਇਸ ਮੌਕੇ ਜ਼ਿਲ੍ਹਾ ਟ੍ਰੇਨਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ ਅਤੇ ਕੋਚ ਤਾਰਾ ਚੰਦ, ਸੇਵੀ ਰਾਮ, ਕੋਚ ਦੀਪਕ ਕੁਮਾਰ, ਚੇਣਕਾਰ ਨਰੇਸ਼ ਕਾਲੂ, ਸਾਬਕਾ ਕ੍ਰਿਕਟਰ ਅਨਿਲ ਹੰਸ ਨੇ ਵੀ ਖਿਡਾਰੀਆਂ ਨੂੰ ਇਸ ਜਿੱਤ 'ਤੇ ਵਧਾਈ ਦਿੱਤੀ। ਡਾ. ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦਾ ਅਗਲਾ ਮੈਚ ਜ਼ਿਲ੍ਹਾ ਮੋਹਾਲੀ ਦੀ ਟੀਮ ਨਾਲ 1 ਜਨਵਰੀ, 2026 ਨੂੰ ਮੋਹਾਲੀ ਵਿੱਚ ਖੇਡਿਆ ਜਾਵੇਗਾ।

# ਜਗਤ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਬੰਧੀ ਲੰਗਰ ਲਗਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 313 ਦਸੰਬਰ INTERNATIONAL PAPER, 94636 01616 hardipchumber57@gmail.com



ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਹਰਜਿੰਦਰ ਸਿੰਘ ਖੰਨਾ ਅਤੇ ਮੈਡਮ ਸੁਭਾਸ਼ ਰਾਣੀ ਨੇ ਸਾਂਝੇ ਰੂਪ ਵਿੱਚ ਦੱਸਿਆ ਕਿ ਕਰਤਾਰ ਨਗਰ ਅਮਲੋਹ ਰੋਡ ਖੰਨਾ ਵਿਖੇ ਜਗਤ ਮਾਤਾ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਾਰਥਿਕ ਸੋਚ ਗਵਾਂਢੀ ਗਰੁੱਪ ਕਰਤਾਰ ਨਗਰ ਖੰਨਾ ਵੱਲੋਂ ਚਾਹ, ਬਰੈਡਾਂ ਦਾ ਲੰਗਰ ਲਗਾਇਆ ਗਿਆ। ਦਿਸੰਬਰ ਮਹੀਨੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੀਵਾਰ ਵਿਛੜ ਕੇ ਸਿੰਘਾਂ ਸਮੇਤ ਮਾਤਾ ਗੁਜਰ ਕੌਰ ਅਤੇ ਚਾਰੇ ਪਰਸਾਹਿਬਜ਼ਾਦਿਆਂ ਨੇ ਸਾਡੇ ਲਈ ਕੁਰਬਾਨੀਆਂ ਦਿਤੀਆਂ।ਉਹਨਾ ਦੀ ਬਦੌਲਤ ਹੀ ਅੱਜ ਅਸੀਂ ਸਾਰੇ ਹੀ ਵਧੀਆ ਜਿੰਦਗੀ ਬਸਰ ਕਰ ਰਹੇ ਹਾਂ। ਅੱਜ ਲੋੜ ਹੈ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਜਾਵੇ।ਸਿੱਖ ਧਰਮ ਸਰਵ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ।ਗਰੁੱਪ ਮੈਂਬਰਾਂ ਅਤੇ ਸੰਗਤ ਨੇ ਸੇਵਾ ਕਰਕੇ ਮਹਾਨ ਸ਼ਹੀਦਾ ਨੂੰ ਸਿਜਦਾ ਕੀਤਾ।ਇਸ ਮੌਕੇ ਸਰਵ ਸ੍ਰੀ ਬਲਵੰਤ ਸਿੰਘ ਬੈਂਕ ਮੈਨੇਜਰ, ਜਸਪਾਲ ਸਿੰਘ, ਹਰਬੰਸ ਸਿੰਘ, ਰਾਜੇਸ਼ ਮੈਸੀ,ਜਗਰੂਪ ਸਿੰਘ, ਗੁਰਪ੍ਰੀਤ ਸਿੰਘ, ਹਰਬੰਸ ਕੌਰ, ਗੁਰਮੀਤ ਕੌਰ, ਬਲਜਿੰਦਰ ਕੌਰ, ਸਪਿੰਦਰ ਕੌਰ, ਬਲਵੀਰ ਕੌਰ, ਬਲਵਿੰਦਰ ਕੌਰ, ਪਰਮਜੀਤ ਕੌਰ, ਜਪਜੀਤ ਕੌਰ, ਜਸਪ੍ਰੀਤ ਸਿੰਘ, ਗੁਰਪਾਲ ਸਿੰਘ, ਕਾਕਾ ਸਿੰਘ, ਜਸਵੀਰ ਸਿੰਘ, ਪਰਮਜੀਤ ਕੌਰ ਢਿੱਲੋਂ, ਹਰਸੀਰਤ,ਲੱਡੂ, ਅੰਮ੍ਰਿਤਪਾਲ ਸਿੰਘ ਵਿੱਕੀ, ਮਨਪ੍ਰੀਤ ਸਿੰਘ ਮੰਟੀ,ਪਵਨਜੀਤ ਕੌਰ, ਗੁਰਵਿੰਦਰ ਕੌਰ, ਕੁਲਦੀਪ ਕੌਰ, ਸਵਰਨਜੀਤ ਕੌਰ, ਗੁਰਸ਼ਰਨ ਸਿੰਘ ਢਿਲੋਂਕਰਮਜੀਤ ਸਿੰਘ ਮਿਸਤਰੀ,ਗਗਨਦੀਪ ਕੌਰ ਗਗਨ, ਗੈਵੀ,ਨਵਦੀਪ ਕੌਰ, ਜਸਵੰਤ ਕੌਰ, ਮਲਕੀਤ ਕੌਰ, ਕੁਲਵਿੰਦਰ ਸਿੰਘ, ਹਰਵਿੰਦਰ ਸਿੰਘ, ਨਛੱਤਰ ਸਿੰਘ, ਸੋਨੂ, ਜਸ ਸਿੰਘ, ਹਰਿੰਦਰ ਸਿੰਘ, ਅਰਸ਼ਦੀਪ ਕੌਰ, ਹਰਜਿੰਦਰ ਕੌਰ, ਬਲਜੀਤ ਆਦਿ ਹਾਜਰ ਸਨ।

# ਅੱਜ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਹੋਵੇਗਾ ਸੰਗਤਾਂ ਦਾ ਵਿਸ਼ਾਲ ਇਕੱਠ

## *ਦੇਸ਼ ਵਿਦੇਸ਼ ਦੀਆਂ ਸੰਗਤਾਂ,ਧਾਰਮਿਕ,ਸਮਾਜਿਕ ਤੇ ਰਾਜਨੀਤਕ ਸ਼ਖਸੀਅਤਾਂ ਭਰਨਗੀਆਂ ਹਾਜਰੀ, *ਨਵੇਂ ਵਰ੍ਹੇ ਨੂੰ “ਜੀ ਆਇਆਂ” ਕਹਿਣ ਲਈ ਆਦਿ ਧਰਮ ਮਿਸ਼ਨ ਸ਼ੁਰੂ ਕਰੇਗਾ “ਬੇਗਮਪੁਰਾ ਸੰਕਲਪ ਮੁਹਿੰਮ” : ਸੰਤ ਸਤਵਿੰਦਰ ਹੀਰਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 313 ਦਸੰਬਰ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ / ਸ੍ਰੀ ਖੁਰਾਲਗੜ੍ਹ ਸਾਹਿਬ 30 ਦਸੰਬਰ (ਤਰਸੇਮ ਦੀਵਾਨਾ ) - ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਆਦਿ ਧਰਮ ਮੰਡਲ ਦੇ ਸੰਸਥਾਪਕ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜਨਮ ਦਿਨ ਅਤੇ ਨਵੇਂ ਸਾਲ ਦੀ ਆਮਦ ਤੇ 31 ਦਸੰਬਰ 2025 ਨੂੰ ਸ਼ਾਮ 7 ਵਜੇ ਤੋਂ ਮਹਾਨ ਸਤਿਸੰਗ ਸਮਾਗਮ ਆਰੰਭ ਹੋਣਗੇ,ਜਿਸ ਵਿੱਚ ਪ੍ਰਸਿੱਧ ਰਾਗੀ,ਢਾਡੀ ਅਤੇ ਮਿਸ਼ਨਰੀ ਗਾਇਕ ਸੰਗਤਾਂ ਨੂੰ ਕੌਮ ਦੇ ਮਹਾਨ ਰਹਿਬਰਾਂ ਦੇ ਕ੍ਰਾਂਤੀਕਾਰੀ ਮਿਸ਼ਨ ਰਾਹੀਂ ਜਾਗਰੂਕ ਕਰਨਗੇ। ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਸੰਤਾਂ ਮਹਾਂਪੁਰਸ਼ਾਂ ਨੂੰ ਖੁੱਲਾ ਸੱਦਾ ਪੱਤਰ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵਿਖੇ ਹਰ ਸਾਲ ਦੀ ਤਰਾਂ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜਨਮ ਦਿਨ ਤੇ ਸਲਾਨਾ ਸਮਾਗਮ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ ਜਿਸ ਲਈ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖ਼ਸ਼ੀਅਤਾਂ ਨੂੰ ਖੁੱਲਾ ਸੱਦਾ ਪੱਤਰ ਦਿਤਾ ਗਿਆ ਹੈ। ਓਨਾਂ ਦੱਸਿਆ ਕਿ 31 ਦਸੰਬਰ ਸ਼ਾਮ 7 ਵਜੇ ਤੋਂ ਰਾਤ 1 ਵਜੇ ਤੱਕ ਕੌਮ ਦੇ ਪ੍ਰਸਿੱਧ ਰਾਗੀ, ਢਾਡੀ , ਮਿਸ਼ਨਰੀ ਗਾਇਕ ਦੇਸ਼ ਵਿਦੇਸ਼ ਤੋਂ ਸੱਚਖੰਡ ਬੇਗਮਪੁਰਾ ਵਿਖੇ ਪਹੁੰਚ ਰਹੀਆਂ ਹਜਾਰਾਂ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਕੌਮ ਦੇ ਸਮਾਜਿਕ ਕ੍ਰਾਂਤੀਕਾਰੀ ਰਹਿਬਰਾਂ ਦੇ ਮਿਸ਼ਨ ਰਾਹੀਂ ਜਾਗਰੂਕ ਕਰਨਗੇ। ਸੰਤ ਹੀਰਾ ਜੀ ਨੇ ਕਿਹਾ ਸੰਗਤਾਂ ਲਈ ਚਾਹ ਪਕੌੜੇ ਅਤੇ ਗੁਰੂ ਕੇ ਲੰਗਰ ਵੱਖ ਵੱਖ ਸ਼ਰਧਾਵਾਨ ਗੁਰੂ ਪ੍ਰੇਮੀਆਂ ਵਲੋਂ ਲਗਾਏ ਜਾ ਰਹੇ ਹਨ।

ਸੰਤ ਹੀਰਾ ਜੀ ਨੇ ਕਿਹਾ ਕਿ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਲਈ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ “ਬੇਗਮਪੁਰਾ ਸੰਕਲਪ ਮੁਹਿੰਮ” ਸ਼ੁਰੂ ਕਰੇਗਾ ਜਿਸ ਤਹਿਤ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸਾਏ ਬੇਗਮਪੁਰਾ ਦੇ ਸੰਕਲਪ ਨੂੰ ਪੂਰਾ ਕਰਨ ਲਈ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ, ਮਹਾਤਮਾ ਜੋਤੀਬਾ ਫੂਲੇ, ਬਾਬਾ ਸਾਹਿਬ ਡਾ,. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਜੀ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪਰਿਵਰਤਨ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਵਿਸ਼ੇਸ਼ ਪ੍ਰਚਾਰ ਮੁਹਿੰਮ ਆਰੰਭ ਕੀਤੀ ਜਾਵੇਗੀ। ਉਨਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਆਓ ਨਵੇਂ ਸਾਲ ਦੀ ਅਰੰਭਤਾ ਦੇ ਸ਼ੁਭ ਮੌਕੇ ਤੇ ਇਤਿਹਾਸਕ ਧਰਮ ਅਸਥਾਨ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਹਾਜਰੀ ਭਰਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# ਰੋਸ ਮਾਰਚ ਕੱਢ, ਮਨਰੇਗਾ ਯੋਜਨਾ ਸਬੰਧੀ ਨਵੇਂ ਕਾਨੂੰਨ ਨੂੰ ਤੁਰੰਤ ਰੱਦ ਕਰਵਾਉਣ ਲਈ ਰਾਸ਼ਟਰਪਤੀ ਦੇ ਨਾਂਅ 'ਤੇ ਸੌਂਪਿਆ ਮੰਗ ਪੱਤਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 313 ਦਸੰਬਰ INTERNATIONAL PAPER, 94636 01616 hardipchumber57@gmail.com



ਪਟਿਆਲਾ : ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਮਨਰੇਗਾ ਯੋਜਨਾ ਵਿੱਚ ਕੀਤੇ ਗਏ ਬਦਲਾਅ ਨੂੰ ਲੈ ਕੇ ਬਣਾਏ ਗਏ ਨਵੇਂ ਕਾਨੂੰਨ ਵੀ ਬੀ.—ਜੀ ਰਾਮ ਜੀ ਨੂੰ ਰੱਦ ਕਰਵਾਉਣ ਦੇ ਸਬੰਧ ਵਿੱਚ ਦੇਸ਼ ਪੱਧਰ ਤੇ ਚਲ ਰਹੀ ਮੁਹਿੰਮ ਮਨਰੇਗਾ ਬਚਾਓ ਮੋਰਚਾ ਦੀ ਹਮਾਇਤ ਕਰਦਿਆਂ ਨਰੇਗਾ ਵਰਕਰ ਫਰੰਟ ਪੰਜਾਬ ਵੱਲੋਂ ਪ੍ਰਧਾਨ ਰੇਸ਼ਮ ਸਿੰਘ ਕਾਹਲੋਂ ਅਤੇ ਪੰਜਾਬ ਪ੍ਰਧਾਨ ਅਜਾਇਬ ਸਿੰਘ ਬਠੋਈ ਦੀ ਅਗਵਾਈ ਵਿੱਚ ਮਿਨੀ ਸਕੱਤਰੇਤ ਵਿਖੇ ਰੋਸ ਮਾਰਚ ਕੱਢਿਆ ਗਿਆ। ਜਿਸ ਦੌਰਾਨ ਕੇਂਦਰ ਸਰਕਾਰ ਵਿਰੁੱਧ ਰੱਜ ਕੇ ਨਾਅਰੇਬਾਜੀ ਵੀ ਕੀਤੀ ਗਈ। ਵੀਬੀ.ਜੀ. ਰਾਮ ਜੀ ਬਿੱਲ ਨੂੰ ਤੁਰੰਤ ਰੱਦ ਕਰਨ ਅਤੇ ਮਨਰੇਗਾ ਦੇ ਕੰਮ ਦੇ ਦਿਨਾਂ ਵਿੱਚ ਵਾਧਾ ਕਰਨ ਅਤੇ ਘੱਟੋ—ਘੱਟ 800 ਰੁਪਏ ਰੋਜਾਨਾ ਦੀ ਮਜਦੂਰੀ ਕੀਤੇ ਜਾਣ ਆਦਿ ਮੰਗਾਂ ਸਬੰਧੀ ਰਾਮ ਜੀ ਰਾਸ਼ਟਰਪਤੀ ਦਰੋਪਤੀ ਮੁਰਮੂ ਦੇ ਨਾਮ ਤੇ ਇੱਕ ਮੰਗ ਪੱਤਰ ਡਿਊਟੀ ਮੈਜਿਸਟਰੇਟ ਕਰਮਜੀਤ ਸਿੰਘ ਭੁੱਲਰ ਨੂੰ ਸੌਂਪਿਆ ਗਿਆ। ਇਸ ਦੌਰਾਨ ਨਰੇਗਾ ਵਰਕਰ ਫਰੰਟ ਪੰਜਾਬ ਦੇ ਆਗੂਆਂ ਰੇਸ਼ਮ ਸਿੰਘ ਕਾਹਲੋਂ ਅਤੇ ਅਜਾਇਬ ਸਿੰਘ ਬਠੋਈ ਨੇ ਕਿਹਾ ਕਿ ਪਹਿਲਾਂ ਮਨਰੇਗਾ ਯੋਜਨਾ ਵਿੱਚ 90 ਫੀਸਦੀ ਪੈਸਾ ਕੇਂਦਰ ਅਤੇ 10 ਫੀਸਦੀ ਸੂਬੇ ਅਦਾ ਕਰਦੇ ਸਨ ਪਰ ਹੁਣ ਨਵੇਂ ਕਾਨੂੰਨ ਤਹਿਤ 60 ਫੀਸਦੀ ਕੇਂਦਰ ਅਤੇ 40 ਫੀਸਦੀ ਪੈਸਾ ਸੂਬਿਆਂ ਨੂੰ ਅਦਾ ਕਰਨਾ ਹੋਵੇਗਾ। ਪੰਜਾਬ ਦੀ ਸੂਬਾ ਸਰਕਾਰ ਤਾਂ ਪਹਿਲੀ ਹੀ ਕਰਜਿਆਂ ਨਾਲ ਆਪਣਾ ਸਮਾਂ ਲੰਘਾ ਰਹੀ ਹੈ ਜਿਹੜੀ ਕਿ ਕਰਮਚਾਰੀਆਂ ਨੂੰ ਵੀ ਸਮੇਂ ਮੁਤਾਬਿਕ ਤਨਖਾਹਾਂ ਨਹੀਂ ਦੇ ਸਕਦੀ ਤਾਂ ਪੰਜਾਬ ਸਰਕਾਰ ਇਹ ਨਵਾਂ ਬੋਝ ਕਿਵੇਂ ਬਰਦਾਸ਼ਤ ਕਰ ਸਕੇਗੀ। ਉਨ੍ਹਾਂ ਕਿਹਾ ਕਿ ਮਨਰੇਗਾ ਸਬੰਧੀ ਨਵਾਂ ਕਾਨੂੰਨ ਕੇਵਲ 48 ਘੰਟਿਆਂ ਵਿੱਚ ਹੀ ਮੋਦੀ ਸਰਕਾਰ ਵਲੋਂ ਪਾਸ ਕੀਤਾ ਗਿਆ। ਇਹ ਸਭ ਕੁੱਝ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾਉਣ ਲਈ ਕੀਤਾ ਹੈ। ਭਾਜਪਾ ਦੇ ਹੱਥ ਵਿੱਚ ਜਦੋਂ ਵੀ ਸੱਤਾ ਦੀ ਚਾਬੀ ਆਈ ਹੈ ਉੱਥੋਂ ਤੋਂ ਹੀ ਮਨਰੇਗਾ ਬਜਟ ਨੂੰ ਵਧਾਉਣ ਦੀ ਬਜਾਏ ਘਟਾਇਆ ਜਾ ਰਿਹਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੰਦਿਆ ਕਿਹਾ ਕਿ ਜੇਕਰ ਮਨਰੇਗਾ ਸਬੰਧੀ ਪਾਸ ਕੀਤੇ ਗਏ ਨਵੇਂ ਕਾਨੂੰਨ ਨੂੰ ਵਾਪਸ ਨਾ ਲਿਆ ਤਾਂ ਗਰੀਬ ਦਲਿਤ ਮਜਦੂਰਾਂ ਨੂੰ ਨਾਲ ਲੈ ਕੇ ਕੇਂਦਰ ਸਰਕਾਰ ਵਿਰੁੱਧ ਨਰੇਗਾ ਵਰਕਰ ਫਰੰਟ ਪੰਜਾਬ ਵਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਗੁਰਬਖਸ਼ ਸਿੰਘ, ਗੁਰਮੁੱਖ ਸਿੰਘ ਜਾਗੀ, ਗੁਰਦੀਪ ਸਿੰਘ ਪਾਂਧੀ, ਰਵਿੰਦਰ ਸਿੰਘ ਰਵੀ, ਸ਼ੇਰ ਸਿੰਘ ਕਰਹਾਲੀ, ਜ਼ਸਵੀਰ ਸਿੰਘ, ਬੀ.ਐਸ. ਸਲਮ ਐਡਵੋਕੇਟ ਬਲਵਿੰਦਰ ਸਿੰਘ ਆਦਿ ਮੌਜੂਦ ਸਨ।

# ਹਰੀਹਰ ਹਸਪਤਾਲ ਵਿਖੇ ਅੱਖਾਂ ਦਾ ਮੁਫ਼ਤ ਵਿਸ਼ੇਸ਼ ਕੈਂਪ 4 ਜਨਵਰੀ ਨੂੰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 313 ਦਸੰਬਰ INTERNATIONAL PAPER, 94636 01616 hardipchumber57@gmail.com

ਲੌਂਗੋਵਾਲ,30 ਦਸੰਬਰ (ਜਗਸੀਰ ਸਿੰਘ) - ਕਸਬੇ ਦੀ ਨਾਮਵਰ ਸੰਸਥਾ ਵੱਲੋਂ ਅੱਖਾਂ ਦਾ ਮੈਡੀਕਲ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ ਇਹ ਜਾਣਕਾਰੀ ਦਿੰਦਿਆਂ ਡਾ,ਮਨੀਸ਼ ਕੁਮਾਰ ਸਾਲੂ ਨੇ ਕਿਹਾ ਕਿ 4 ਜਨਵਰੀ ਨੂੰ ਸਥਾਨਕ ਬਡਬਰ ਰੋਡ ਸਥਿਤ ਬਣੇ ਹਰੀਹਰ ਹਸਪਤਾਲ ਵਿਖੇ ਇਹ ਅੱਖਾਂ ਦਾ ਵਿਸ਼ੇਸ਼ ਕੈਂਪ ਬਿਲਕੁਲ ਮੁਫ਼ਤ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾਕਟਰ ਅਭਿਸ਼ੇਕ ਹਾਂਡਾ ਪਟਿਆਲਾ ਤੋਂ ਆਪਣੀ ਟੀਮ ਸਮੇਤ ਪਹੁੰਚ ਰਹੇ ਹਨ । ਜਿਸ ਵਿਚ ਮਰੀਜ਼ਾਂ ਦਾ ਚੈਕਅਪ ਆਧੁਨਿਕ ਮਸ਼ੀਨਾਂ ਦੁਆਰਾ ਕੀਤਾ ਜਾਵੇਗਾ। ਮਰੀਜ਼ਾਂ ਦੇ ਅੱਖਾਂ ਵਾਲੇ ਲੈਨਜ ,ਦਵਾਈਆਂ ਅਤੇ ਐਨਕਾਂ ਮੁਫਤ ਦਿੱਤੀਆਂ ਜਾਣਗੀਆਂ।

# ਪਟਿਆਲਾ ਸ਼ਹਿਰ ਵਿਚੋਂ ਧੱਕੇ ਨਾਲ ਡੇਅਰੀਆਂ ਸਿਫਟ ਕਰਨ ਵਿਰੁੱਧ ਡੇਅਰੀ ਮਾਲਕਾਂ ਵਲੋਂ ਕੀਤਾ ਰੋਸ ਪ੍ਰਦਰਸ਼ਨ

"Equality and justice" Patiala 313 December INTERNATIONAL PAPER, 94636 01616 hardipchumber57@gmail.com



ਅੱਜ ਮਿਤੀ 30—12—2025 ਨੂੰ ਡੇਅਰੀ ਫਾਰਮਰ ਯੂਨੀਅਨ ਪਟਿਆਲਾ ਦੀ ਹੰਗਾਮੀ ਮੀਟਿੰਗ ਸੱਦੀ ਗਈ। ਜਿਸ ਵਿੱਚ ਨਗਰ ਨਿਗਮ ਵਲੋਂ ਜਿਹੜੇ ਡੇਅਰੀ ਮਾਲਕਾ ਨੇ ਗੁਰੂ ਨਾਨਕ ਦੇਵ ਪ੍ਰੋਜੈਕਟ ਦੇ ਵਿੱਚ ਪਲਾਟਾਂ ਦੀ ਅਲਾਟਮੈਂਟ ਕਰਵਾ ਕੇ 5 ਪ੍ਰਤੀਸ਼ਤ ਰਕਮ ਨਗਰ ਨਿਗਮ ਕੋਲ ਜਮ੍ਹਾਂ ਕਰਵਾਈ ਹੋਈ ਹੈ। ਉਸ ਦੇ ਸਬੰਧ ਵਿੱਚ ਨਗਰ ਨਿਗਮ ਕਮਿਸ਼ਨਰ ਸਾਹਿਬ ਤੇ ਮੇਅਰ ਸਾਹਿਬ ਵੱਲੋਂ ਉਸ ਨੋਟਿਸ ਵਿੱਚ ਲਿਖਿਆ ਗਿਆ ਕਿ ਤੁਹਾਡੇ ਵਲੋਂ ਜੋ ਪਲਾਟਾਂ ਦੀ 5 ਪ੍ਰਤੀਸ਼ਤ ਭਰਵਾਈ ਹੋਈ ਰਕਮ ਤੇ ਪਲਾਟ ਨਗਰ ਨਿਗਮ ਵੱਲੋਂ ਜਬਤ ਕੀਤੇ ਜਾਣ ਦੀ ਧਮਕੀ ਦਿੱਤੀ ਹੈ। ਜਿਸ ਵਿੱਚ ਮਿਤੀ 02—01—2026 ਨੂੰ ਰਾਤ 12 ਵਜੇ ਤੱਕ ਜਿਸ ਜਗ੍ਹਾਂ ਤੇ ਤੁਸੀਂ ਆਪਣੀ ਡੇਅਰੀ ਦਾ ਕੰਮ ਕਰਦੇ ਹੋ ਉਸ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਜਾਵੇਗਾ ਤੇ ਤੁਹਾਡਾ ਸੀਵਰੇਜ਼ ਤੇ ਪਾਣੀ ਦਾ ਕੁਨੈਕਸ਼ਨ ਬੰਦ ਕਰ ਦਿੱਤਾ ਜਾਵੇਗਾ। ਡੇਅਰੀ ਫਾਰਮਰ ਯੂਨੀਅਨ ਵਲੋਂ ਕਮਿਸ਼ਨਰ ਸਾਹਿਬ ਤੇ ਮੇਅਰ ਸਾਹਿਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਦੋਂ ਤੱਕ ਤੁਸੀਂ ਪ੍ਰੋਜੈਕਟ ਦੇ ਵਿੱਚ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਈ.ਟੀ. ਪੀ. ਪਲਾਂਟ, ਬਾਇਓ ਗੈਸ ਪਲਾਟ ਤੇ ਕਬਰ ਸਥਾਨ ਨੂੰ ਜਾਣ ਵਾਲਾ ਰਸਤਾ ਪ੍ਰੋਜੈਕਟ ਤੋਂ ਬਾਹਰ ਨੂੰ ਕੱਢਣ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ ਪਸ਼ੂਆਂ ਲਈ ਸੈਡਾਂ ਵਾਸਤੇ ਨਵਾਝ ਦੇ ਲੋੜ ਮੁਹਈਆ ਕਰਵਾਉਣ ਦਾ ਪ੍ਰਬੰਧ ਆਪ ਜੀ ਵਲੋਂ ਨਹੀਂ ਕੀਤਾ ਜਾਂਦਾ ਉਦੋ ਤੱਕ ਡੇਅਰੀ ਮਾਲਕਾਂ ਉਸ ਜਗ੍ਹਾਂ ਉਪਰ ਸਿਫਟ ਨਹੀਂ ਹੋਣਗੇ।

# ਆਧਾਰ ਕਾਰਡ ਸੇਵਾ ਠੱਪ

"Equality and justice" Patiala 313 December INTERNATIONAL PAPER, 94636 01616 hardipchumber57@gmail.com

ਅੰਗਰੇਜ ਸਿੰਘ ਵਿੱਕੀ ਕੋਟਗੁਰੂ, ਪਿੰਡ ਤੇ ਡਾਕ. ਕੋਟਗੁਰੂ ਤਹਿ. + ਜਿਲਾ ਬਠਿੰਡਾ

ਬਠਿੰਡਾ ਜ਼ਿਲ੍ਹੇ ਅਧੀਨ ਆਉਂਦੀ ਸੰਗਤ ਮੰਡੀ ਦੇ ਡਾਕਖਾਨੇ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਆਧਾਰ ਕਾਰਡ ਸੇਵਾ ਬਿਲਕੁੱਲ ਠੱਪ ਹੀ ਪਈ ਹੈ। ਪ੍ਰੰਤੂ ਵਿਭਾਗ ਦੇ ਕਿਸੇ ਵੀ ਅਧਿਕਾਰੀ ਦਾ ਇਸ ਪਾਸੇ ਧਿਆਨ ਨਹੀਂ ਗਿਆ ਹੈ। ਜਿਸ ਕਰਕੇ ਆਮ ਲੋਕ ਖੱਜਲ ਖੁਆਰ ਹੋ ਕੇ ਵਾਪਿਸ ਚਲੇ ਜਾਂਦੇ ਹਨ। ਸਭ ਤੋਂ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਦੋਂ ਦੇਸ਼ ਦੇ ਹੋਰ ਡਾਕਘਰਾਂ ਵਿੱਚ ਆਧਾਰ ਕਾਰਡ ਸੇਵਾ ਚੱਲ ਰਹੀ ਹੈ ਤਾਂ ਫਿਰ ਸੰਗਤ ਮੰਡੀ ਦੇ ਡਾਕਖਾਨੇ ਵਿੱਚ ਪਿਛਲੇ ਲੰਮੇ ਸਮੇਂ ਤੋਂ ਇਹ ਸੇਵਾ ਕਿਓਂ ਠੱਪ ਪਈ ਹੈ...? ਲੋੜ ਹੈ ਇਸ ਮਾਮਲੇ ਦੀ ਪੜਤਾਲ ਕਰਕੇ ਜਲਦ ਤੋਂ ਜਲਦ ਸੰਗਤ ਮੰਡੀ ਦੇ ਡਾਕਖਾਨੇ ਵਿੱਚ ਆਧਾਰ ਕਾਰਡ ਸੇਵਾ ਚਾਲੂ ਕਰਨ ਦੀ।

# ਮਾਪੇ ਤੇ ਬੱਚਿਆਂ ਦੇ ਰਿਸ਼ਤੇ

"Equality and justice" Patiala 313 December INTERNATIONAL PAPER, 94636 01616 hardipchumber57@gmail.com



ਸਿਮਰਪਾਲ ਕੌਰ ਬਾਬਾ ਫਰੀਦ ਕਾਲਜ਼ ਆਫ਼ ਐਜੂਕੇਸ਼ਨ, ਦਿਉਣ (ਬਠਿੰਡਾ), ਪੇਸ਼ਕਸ- ਅੰਗਰੇਜ ਸਿੰਘ ਵਿੱਕੀ ਕੋਟਗੁਰੂ

ਮਾਪੇ ਤੇ ਬੱਚਿਆਂ ਦਾ ਰਿਸ਼ਤਾ ਦੁਨੀਆਂ ਦੇ ਸਭ ਤੋਂ ਸੁੰਦਰ ਤੇ ਪਵਿੱਤਰ ਰਿਸ਼ਤਿਆਂ ਵਿੱਚੋਂ ਇੱਕ ਹੈਂ। ਇਹ ਰਿਸ਼ਤਾ ਸਿਰਫ਼ ਖੂਨ ਦਾ ਹੀ ਨਹੀਂ ਹੁੰਦਾ, ਸਗੋਂ ਪਿਆਰ, ਸਮਝਦਾਰੀ ਤੇ ਭਰੋਸੇ ਦੇ ਅਧਾਰਿਤ ਹੁੰਦਾ ਹੈ। ਮਾਪੇ ਬੱਚਿਆਂ ਦੇ ਪਹਿਲੇ ਅਧਿਆਪਕ ਪਹਿਲੇ ਦੋਸਤ ਤੇ ਪਹਿਲੇ ਸਹਾਰੇ ਹੁੰਦੇ ਹਨ। ਜਿਵੇਂ ਇੱਕ ਬੀਜ ਨੂੰ ਪਾਣੀ ਤੇ ਧੁਪ ਦੀ ਲੋੜ ਹੁੰਦੀ ਹੈ। ਓਸੇ ਤਰ੍ਹਾਂ ਹੀ ਬੱਚੇ ਨੂੰ ਮਾਪਿਆਂ ਦੇ ਪਿਆਰ ਸਹਿਯੋਗ ਤੇ ਸਿਖਲਾਈ ਦੀ ਲੋੜ ਹੁੰਦੀ ਹੈ।

ਮਾਪੇ ਉਹ ਹੁੰਦੇ ਨੇ ਜੋ ਬੱਚਿਆਂ ਦੇ ਪਹਿਲੇ ਗੁਰੂ ਹੁੰਦੇ ਹਨ ਜੋ ਬੱਚੇ ਨੂੰ ਬੋਲਣਾ, ਚੱਲਣਾ ਤੇ ਸਹੀ -ਗਲਤ ਦੀ ਸਮਝ ਦਿੰਦੇ ਹਨ। ਮਾਂ ਦਾ ਪਿਆਰ ਦੁਨੀਆਂ ਦਾ ਸਭ ਤੋਂ ਵੱਡਾ ਆਸ਼ੀਰਵਾਦ ਹੈ। ਮਾਂ ਬੱਚੇ ਲਈ ਕੁਰਬਾਨੀ ਤਿਆਗ ਤੇ ਸਨੇਹ ਦਾ ਪ੍ਰਤੀਕ ਹੈ। ਪਿਤਾ ਉਸ ਦਾ ਸਹਾਰਾ ਤੇ ਰੱਖਿਆ ਕਰਨ ਵਾਲਾ ਹੁੰਦਾ ਹੈ। ਜਦੋਂ ਬੱਚਾ ਗਲਤੀ ਕਰਦਾ ਹੈ ਤਾਂ ਮਾਪੇ ਉਸ ਨੂੰ ਸਜਾ ਨਹੀਂ ਸਗੋਂ ਸਿੱਖਿਆ ਦੇਣ ਦੀ ਕੋਸ਼ਿਸ਼ ਕਰਦੇ ਹਨ। ਉਹ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਸਫਲ ਸੁਰੱਖਿਅਤ ਤੇ ਖੁਸ਼ ਰਹਿਣ।

ਪੁਰਾਣੇ ਸਮਿਆਂ ਵਿਚ ਬੱਚੇ ਮਾਪਿਆਂ ਦੀ ਹਰ ਗੱਲ ਬਿਨਾਂ ਪ੍ਰਸ਼ਨ ਪੁੱਛੇ ਮੰਨ ਲੈਂਦੇ ਸਨ ।ਪਰ ਅੱਜ ਦਾ ਸਮਾਂ ਬਦਲ ਗਿਆ ਹੈ। ਨਵੀਂ ਪੀੜ੍ਹੀ ਦੇ ਬੱਚੇ ਵਧੇਰੇ ਅਜਾਦੀ ਚਾਹੁੰਦੇ ਹਨ ਉਹ ਆਪਣੇ ਫੈਸਲੇ ਆਪ ਲੈਣਾ ਚਾਹੁੰਦੇ ਹਨ ।ਕਈ ਵਾਰ ਇਹ ਬਦਲਾਅ ਗਲਤਫਹਿਮੀਆਂ ਪੈਦਾ ਕਰ ਦਿੰਦੇ ਹਨ ।ਮਾਪੇ ਸੋਚਦੇ ਹਨ ਕਿ ਹੁਣ ਬੱਚੇ ਉਹਨਾਂ ਦੀ ਇੱਜ਼ਤ ਨਹੀਂ ਕਰਦੇ ਤੇ ਬੱਚੇ ਸੋਚਦੇ ਹਨ ਮਾਪੇ ਉਨ੍ਹਾਂ ਨੂੰ ਸਮਝਦੇ ਨਹੀਂ। ਇਸ ਲਈ ਦੋਹਾਂ ਪੱਖਾਂ ਨੂੰ ਇੱਕ ਦੂਜੇ ਦੀ ਭਾਵਨਾ ਸਮਝਣਾ ਬਹੁਤ ਜ਼ਰੂਰੀ ਹੈ। ਗੱਲਬਾਤ ਤੇ ਆਪਸੀ ਸਨਮਾਨ ਨਾਲ ਹਰ ਸਮੱਸਿਆ ਦਾ ਹੱਲ ਕੱਢਿਆ ਜਾ ਸਕਦਾ ਹੈ।

ਜਿਵੇਂ ਮਾਪੇ ਬੱਚਿਆਂ ਲਈ ਆਪਣੀ ਜ਼ਿੰਦਗੀ ਸਮਰਪਿਤ ਕਰਦੇ ਹਨ ਉਸੇ ਤਰ੍ਹਾਂ ਬੱਚਿਆਂ ਉੱਤੇ ਵੀ ਮਾਪਿਆਂ ਦੀ ਸੇਵਾ ਤੇ ਆਦਰ ਦਾ ਫਰਜ਼ ਹੁੰਦਾ ਹੈ।

ਜਦੋਂ ਮਾਪੇ ਬੁੱਢੇ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਸਿਰਫ ਪਿਆਰ ਤੇ ਸਾਥ ਦੀ ਲੋੜ ਹੁੰਦੀ ਹੈ ।ਉਨ੍ਹਾਂ ਦੇ ਦਿਨਾਂ ਦੀ ਮਿਹਨਤ ਤੇ ਤਿਆਗ ਦੀ ਕਦਰ ਕਰਨੀ ਚਾਹੀਦੀ ਹੈ। ਇਹ ਬੱਚਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਮਾਪਿਆਂ ਦੀ ਖੁਸ਼ੀ ,ਇੱਜ਼ਤ ਤੇ ਸੁਖੀ ਦਾ ਧਿਆਨ ਰੱਖਣ ।

ਅੱਜ ਦੇ ਯੁੱਗ ਵਿਚ ਤਕਨਾਲੋਜੀ ਨੇ ਬੱਚਿਆਂ ਕਮਜ਼ੋਰ ਤੇ ਮਾਪਿਆਂ ਵਿੱਚ ਦੂਰੀ ਵਧਾ ਦਿੱਤੀ ਹੈ ।ਮੋਬਾਈਲ, ਇੰਟਰਨੈੱਟ ਤੇ ਸ਼ੋਸ਼ਲ ਮੀਡੀਆ ਦੇ ਕਾਰਨ ਬੱਚੇ ਆਪਣੀ ਦੁਨੀਆਂ ਵਿੱਚ ਵਿਅਸਤ ਹੋ ਗਏ ਹਨ। ਕਈ ਵਾਰ ਮਾਪੇ ਵੀ ਕੰਮ ਦੀ ਵਿਆਸਤਤਾ ਕਾਰਨ ਬੱਚਿਆਂ ਨਾਲ ਸਮਾਂ ਬਿਤਾ ਨਹੀਂ ਪਾਉਂਦੇ ਇਸ ਨਾਲ ਰਿਸ਼ਤਾ ਕਮਜ਼ੋਰ ਹੋਣ ਲੱਗਦਾ ਹੈ।

ਇਸ ਲਈ ਜਰੂਰੀ ਹੈ ਕਿ ਪਰਿਵਾਰ ਇਕੱਠੇ ਬੈਠਣ, ਗੱਲਬਾਤ ਕਰਨ ਤੇ ਸਮਾਂ ਸਾਂਝਾ ਕਰਨ। ਇਹ ਹੀ ਪਿਆਰ ਤੇ ਸਮਝ ਦੀ ਨੀਂਹ ਮਜਬੂਤ ਕਰਦਾ ਹੈ।

ਰਿਸ਼ਤੇ ਦੀ ਮਜ਼ਬੂਤੀ ਦਾ ਰਾਜ ਸਿਰਫ਼ ਪਿਆਰ ਤੇ ਵਿਸ਼ਵਾਸ਼ ਵਿਚ ਹੈ ਜਦੋਂ ਮਾਪੇ ਬੱਚਿਆਂ ਨੂੰ ਸੁਣਦੇ ਹਨ ਤੇ ਬੱਚੇ ਮਾਪਿਆਂ ਦੀ ਸਲਾਹ ਮੰਨਦੇ ਹਨ ,ਤਾਂ ਜੀਵਨ ਖੁਸ਼ਹਾਲ ਬਣ ਜਾਂਦਾ ਹੈ। ਇੱਕ ਸੱਚਾ ਪਰਿਵਾਰ ਉਹੀ ਹੁੰਦਾ ਹੈ ਜਿੱਥੇ ਹਰੇਕ ਮੈਂਬਰ ਦੂਜੇ ਦੀ ਭਾਵਨਾ ਦੀ ਕਦਰ ਕਰੇ। ਬੱਚਿਆਂ ਨੂੰ ਆਪਣੀ ਗੱਲ ਮਾਪਿਆਂ ਅੱਗੇ ਖੁੱਲ੍ਹ ਕੇ ਰੱਖਣੀ ਚਾਹੀਦੀ ਹੈ, ਅਤੇ ਮਾਪਿਆਂ ਨੂੰ ਬੱਚਿਆਂ ਦੀ ਸੋਚ ਨੂੰ ਆਦਰ ਦੇਣਾ ਚਾਹੀਦਾ ਹੈ।

ਮਾਪੇ ਤੇ ਬੱਚਿਆਂ ਦਾ ਰਿਸ਼ਤਾ ਮਨੁੱਖੀ ਜੀਵਨ ਦਾ ਸਭ ਤੋਂ ਸੁੰਦਰ ਕੜੀ ਦਾ ਹਿੱਸਾ ਹੈ। ਇਹ ਰਿਸ਼ਤਾ ਸਿਰਫ ਪਿਆਰ ਦਾ ਨਹੀਂ, ਸਗੋਂ ਵਿਸ਼ਵਾਸ਼, ਸਹਿਯੋਗ ਤੇ ਸਨੇਹ ਦਾ ਮਿਲਾਪ ਹੈ। ਜਿੱਥੇ ਮਾਪੇ ਬੱਚਿਆਂ ਨੂੰ ਜੀਵਨ ਦੇ ਸਹੀ ਰਾਹ ਤੇ ਚਲਾਉਂਦੇ ਹਨ, ਉਥੇ ਬੱਚਿਆਂ ਦਾ ਕਰਤੱਵ ਹੈ ਕਿ ਉਹ ਮਾਪਿਆਂ ਦੀ ਇੱਜ਼ਤ ਕਰਨ, ਉਨ੍ਹਾਂ ਦੀ ਸੇਵਾ ਕਰਨ ਤੇ ਉਨ੍ਹਾਂ ਦਾ ਸਹਾਰਾ ਬਣਨ। ਇਸ ਰਿਸ਼ਤੇ ਦੀ ਮਜ਼ਬੂਤੀ ਹੀ ਪਰਿਵਾਰ, ਸਮਾਜ ਤੇ ਦੇਸ਼ ਦੀ ਖੁਸ਼ਹਾਲੀ ਦਾ ਅਸਲ ਆਧਾਰ ਹੈ। ਮਾਪਿਆਂ ਦੀਆਂ ਸਿੱਖਿਆਵਾਂ ਹੀ ਸਾਨੂੰ ਜੀਵਨ ਦਾ ਸਹੀ ਰਾਹ ਦਿਖਾਉਂਦੀਆਂ ਹਨ ।ਇਸ ਲਈ ਸਾਨੂੰ ਹਮੇਸ਼ਾ ਆਪਣੇ ਮਾਪਿਆਂ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਸੁਪਨੇ ਪੂਰੇ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਬੰਗਲਾ ਦੇਸ਼ ਵਿਚ ਹਿੰਦੂ ਦੀ ਹੱਤਿਆ ਮਾਮਲੇ 'ਚ ਇਨਸਾਫ ਲਈ ਮੰਗ ਪੱਤਰ ਸੌਂਪਿਆ

"Equality and justice" Patiala 313 December INTERNATIONAL PAPER, 94636 01616 hardipchumber57@gmail.com



ਲੌਂਗੋਵਾਲ, 29 ਦਸੰਬਰ (ਜਗਸੀਰ ਸਿੰਘ) - ਬੰਗਲਾਦੇਸ਼ ਵਿੱਚ ਇੱਕ ਹਿੰਦੂ ਦੇ ਵਹਿਸ਼ਿਆਨਾ ਕਤਲ ਦੇ ਮਾਮਲੇ ਵਿੱਚ ਹਿੰਦੂ ਵੈਲਫੇਅਰ ਬੋਰਡ ਨਾਲ ਸਬੰਧਿਤ ਲੌਂਗੋਵਾਲ ਸਥਿਤ ਪੰਜਾਬੀ ਹਿੰਦੂ ਗਰੁੱਪ ਦੇ ਕਾਰਕੂਨਾਂ ਦੇ ਵਫ਼ਦ ਨੇ ਇਨਸਾਫ ਦੀ ਮੰਗ ਕੀਤੀ ਹੈ। ਇਸ ਮਾਮਲੇ ਸਬੰਧੀ ਭਾਰਤ ਸਰਕਾਰ ਅਤੇ ਸੰਯੁਕਤ ਰਾਸ਼ਟਰ ਤੋਂ ਦਖ਼ਲਅੰਦਾਜ਼ੀ ਦੀ ਮੰਗ ਕਰਦਿਆਂ ਇਸ ਵਫਦ ਨੇ ਨਾਇਬ ਤਹਿਸੀਲਦਾਰ ਲੌਂਗੋਵਾਲ ਨੂੰ ਮੰਗ ਪੱਤਰ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉੱਘੇ ਸਮਾਜ ਸੇਵੀ ਅਤੇ ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਵਿਜੇ ਕੁਮਾਰ ਗੋਇਲ, ਸਤੀਸ਼ ਕੁਮਾਰ, ਤਰਸੇਮ ਚੰਦ, ਰਾਮ ਗੋਪਾਲ, ਧਰਮ ਪਾਲ, ਫਤਹ ਚੰਦ, ਪੰਡਿਤ ਨਰੇਸ਼ ਕੁਮਾਰ ਸ਼ਾਸਤਰੀ, ਕਾਲਾ ਮਿੱਤਲ, ਸੰਜੇ ਸੈਨ, ਸੋਨੂ ਮੋਨੂ ਜਿੰਦਲ, ਬਬਲੂ ਸਿੰਗਲਾ ਅਤੇ ਨਿਖਿਲ ਕੁਮਾਰ ਨੇ ਦੱਸਿਆ ਕਿ ਅਸੀ ਪੰਜਾਬੀ ਹਿੰਦੂ ਗਰੁੱਪ ਪੰਜਾਬ ਦੇ ਮੈਂਬਰ ਇਸ ਮੰਗ ਪੱਤਰ ਰਾਹੀਂ ਬੰਗਲਾਦੇਸ਼ ਵਿੱਚ ਹਿੰਦੂ ਭਾਈਚਾਰੇ ਵਿਰੁੱਧ ਹੋ ਰਹੀ ਨਸਲੀ ਹਿੰਸਾ ਅਤੇ ਮਨੁੱਖੀ ਅਧਿਕਾਰਾਂ ਦੇ ਘੋਰ ਉਲੰਘਣ ਵੱਲ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਪ੍ਰਧਾਨ ਮੰਤਰੀ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਅਤੇ ਸੰਯੁਕਤ ਰਾਸ਼ਟਰ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ। ਉਹਨਾਂ ਦੱਸਿਆ ਕਿ ਬੰਗਲਾਦੇਸ਼ ਦੇ ਮੈਮਨਸਿੰਘ ਜ਼ਿਲ੍ਹੇ ਵਿਚ ਇੱਕ ਹਿੰਦੂ ਨੌਜਵਾਨ 'ਦੀਪੂ ਚੰਦਰ ਦਾਸ' ਨੂੰ ਧਰਮ ਦੇ ਅਪਮਾਨ ਦੇ ਝੂਠੇ ਦੋਸ਼ ਹੇਠ ਕੱਟੜਪੰਥੀ ਭੀੜ ਵੱਲੋਂ ਦਰੱਖਤ ਨਾਲ ਬੰਨ੍ਹ ਕੇ ਜਿੰਦਾ ਸਾੜ ਦਿੱਤਾ ਗਿਆ। ਇਹ ਘਟਨਾ ਕੋਈ ਇਕੱਲੀ ਘਟਨਾ ਨਹੀਂ ਹੈ, ਸਗੋਂ ਇਸ ਤੋਂ ਪਹਿਲਾ ਖੁਲਨਾ ਵਿੱਚ 'ਉਤਸਵ ਕੁੰਡੂ' ਅਤੇ ਅਣਗਿਣਤ ਹੋਰ ਹਿੰਦੂਆਂ 'ਤੇ ਹੋਏ ਹਮਲੇ ਇਸ ਗੱਲ ਦਾ ਸਬੂਤ ਹਨ ਕਿ ਬੰਗਲਾਦੇਸ਼ ਵਿੱਚ ਧਾਰਮਿਕ ਭੇਦਭਾਵ ਕਰਕੇ ਹਿੰਦੂਆਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ, ਜੋਕਿ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਮਨੁੱਖੀਅਧਿਕਾਰਾਂ ਦੀ ਉਲੰਘਣਾ ਹੈ। ਉਹਨਾਂ ਕਿਹਾ ਕਿ ਦੀਪੂ ਚੰਦਰ ਦਾਸ ਦੇ ਕਤਲ ਵਿੱਚ ਸ਼ਾਮਿਲ ਕੱਟੜਪੰਥੀਆਂ ਵਿਰੁੱਧ ਮਨੁੱਖਤਾ ਵਿਰੁੱਧ ਅਪਰਾਧ ਦੇ ਤਹਿਤ ਅੰਤਰਰਾਸ਼ਟਰੀ ਅਦਾਲਤ ਵਿਚ ਕੇਸ ਚਲਾਇਆ ਜਾਵੇ ਅਤੇ ਉਹਨਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ।

# ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸਮਾਗਮ ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓ ਲਿੰਡਾ (ਸੈਕਰਾਮੈਂਟੋ ) ਵਿਖੇ ਕਰਵਾਏ ਗਏ

"Equality and justice" Patiala 313 December INTERNATIONAL PAPER, 94636 01616 hardipchumber57@gmail.com



ਬੰਗਾ( ਚਰਨਜੀਤ ਸੱਲ੍ਹਾਂ )ਐਤਵਾਰ 28 ਦਸੰਬਰ 2025 ਨੂੰ ਮਹਾਨ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸਮਾਗਮ ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓ ਲਿੰਡਾ (ਸੈਕਰਾਮੈਂਟੋ ) ਵਿਖੇ ਸ. ਜਗਪ੍ਰੀਤ ਸਿੰਘ ਦੇ ਪਰਿਵਾਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ। ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਭਾਈ ਗੁਰਦੀਪ ਸਿੰਘ, ਭਾਈ ਜੀਵਨ ਸਿੰਘ, ਭਾਈ ਮਨੋਹਰ ਸਿੰਘ, ਭਾਈ ਅਮਰਜੀਤ ਸਿੰਘ ਵਲੋ ਕੀਰਤਨ ਦਰਬਾਰ ਸਜਾਏ ਗਏ। ਕਥਾਵਾਚਕ ਭਾਈ ਬਲਜੀਤ ਸਿੰਘ ਖ਼ਾਲਸਾ ਨੇ ਸੰਗਤਾਂ ਨੂੰ ਸ਼ਨੀਵਾਰ ਅਤੇ ਐਤਵਾਰ ਨੂੰ ਗੁਰੂ ਇਤਿਹਾਸ ਨਾਲ ਜੋੜਿਆ । ਸ਼ਨੀਵਾਰ 27 ਦਸੰਬਰ ਸ਼ਾਮ ਦੇ ਦੀਵਾਨ ਵਿੱਚ ਭਾਈ ਬਖਸ਼ੀਸ਼ ਸਿੰਘ ਜਵੱਦੀ ਟਕਸਾਲ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ । ਗੁਰੂ ਕੇ ਲੰਗਰ ਅਟੁੱਟ ਵਰਤੇ। ਸੇਵਾਦਾਰ ਪਿਛਲੇ ਕਈ ਦਿਨਾਂ ਤੋਂ ਇਨ੍ਹਾਂ ਸਮਗਮਾ ਦੀ ਤਿਆਰੀ ਵਿੱਚ ਲੱਗੇ ਹੋਏ ਸਨ।

ਇਹ ਸਮਾਗਮ Shir Guru Raivdass Temple Sacramento ਅਤੇ Desh Doaba ਦੇ YouTube ਅਤੇ Facebook Channel ਉੱਤੇ ਲਾਈਵ ਪ੍ਰਸਾਰਿਤ ਕੀਤੇ ਗਏ। ਇਸ ਪ੍ਰਸਾਰਣ ਦੇ ਲਈ ਸ੍ਰੀ ਅਜੇ ਪੜਵੱਗਾ, ਪ੍ਰਿੰਸ ਮੱਲ ਗੁਰੂਘਰ ਦੀ ਮੀਡੀਆ ਟੀਮ, ਸ੍ਰੀ ਪ੍ਰੇਮ ਚੁੰਬਰ ਮੁੱਖ ਸੰਪਾਦਕ ਦੇਸ਼ ਦੁਆਬਾ ਅੰਬੇਡਕਰ ਟਾਈਮਜ਼ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ ।

# ਮਨਜੋਤ ਸਿੰਘ ਗਰੇਵਾਲ ਲੱਧਾਹੇੜੀ ਨੂੰ ਨਾਭਾ ਹਲਕਾ ਯੂਥ ਵਿੰਗ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ

## ਵਿਧਾਇਕ ਦੇਵ ਮਾਨ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਮਨਜੋਤ ਗਰੇਵਾਲ ਨੂੰ ਵਧਾਈ ਦਿੰਦੇ ਹੋਏ ਹਾਈਕਮਾਂਡ ਦਾ ਧੰਨਵਾਦ ਕਰਦੇ ਹੋਏ ਪਾਈ ਪੋਸਟ

"Equality and justice" Patiala 313 December INTERNATIONAL PAPER, 94636 01616 hardipchumber57@gmail.com



ਨਾਭਾ, 30 ਦਸੰਬਰ, (ਬੇਅੰਤ ਸਿੰਘ ਰੋਹਟੀ ਖਾਸ) ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਨਜ਼ਦੀਕੀ ਸਾਥੀ ਮਨਜੋਤ ਸਿੰਘ ਗਰੇਵਾਲ ਲੱਧਾਹੇੜੀ , ਜਿਨ੍ਹਾਂ ਨੇ ਲੰਬੇ ਸਮੇਂ ਤੋਂ ਆਮ ਆਦਮੀ ਪਾਰਟੀ ਦੀ ਸੇਵਾ ਕੀਤੀ ਹੈ ਅਤੇ ਪਾਰਟੀ ਦੇ ਅੰਦਰ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾਈ ਹੈ, ਨੂੰ ਨਾਭਾ ਹਲਕਾ ਯੂਥ ਵਿੰਗ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਆਪਣੇ ਛੋਟੇ ਭਰਾ ਮਨਜੋਤ ਸਿੰਘ। ਲੱਧਾਹੇੜੀ ਨੂੰ ਵਧਾਈ ਦਿੰਦੇ ਹੋਏ ਪੋਸਟ ਕੀਤਾ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਆਬਜ਼ਰਵਰ ਮਨੀਸ਼ ਸਿਸੋਦੀਆ ਦਾ ਧੰਨਵਾਦ ਕੀਤਾ। ਇਸ ਮੌਕੇ ਮਨਜੋਤ ਸਿੰਘ ਗਰੇਵਾਲ ਨੇ ਹਾਈਕਮਾਂਡ ਅਤੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਮੇਰੇ 'ਤੇ ਵਿਸ਼ਵਾਸ ਰੱਖ ਕੇ ਜੋ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ ਹੈ, ਮੈਂ ਉਸਨੂੰ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਨਿਭਾਵਾਂਗਾ ਅਤੇ ਹਮੇਸ਼ਾ ਪਹਿਲਾਂ ਵਾਂਗ ਪਾਰਟੀ ਦੀ ਤਰੱਕੀ ਲਈ, ਪਾਰਟੀ ਨੂੰ ਹੋਰ ਉਚਾਈਆਂ 'ਤੇ ਲਿਜਾਣ ਅਤੇ ਨੌਜਵਾਨਾਂ ਨੂੰ ਇਸ ਨਾਲ ਜੋੜਨ ਲਈ ਦਿਨ ਰਾਤ ਮਿਹਨਤ ਕਰਦਾ ਰਹਾਂਗਾ।

# ਬਹੁਜਨ ਸਮਾਜ ਪਾਰਟੀ 2 ਜਨਵਰੀ ਨੂੰ ਵਿਕਸਤ ਭਾਰਤ ਜੀ ਰਾਮ ਜੀ ਸਕੀਮ ਦੇ ਵਿਰੋਧ ਵਿੱਚ ਕਰੇਗੀ ਰੋਸ ਪ੍ਰਦਰਸ਼ਨ

## ਬਸਪਾ ਸਾਰੇ *ਪੰਜਾਬ ਦੇ ਜ਼ਿਲਿਆਂ ਦੇ ਹੈਡ ਕੁਆਰਟਰਾਂ ਤੇ 2 ਜਨਵਰੀ ਨੂੰ ਰੋਸ ਪ੍ਰਦਰਸ਼ਨ ਕਰਕੇ ਰਾਸ਼ਟਰਪਤੀ ਦੇ ਨਾਂਅ ਤੇ ਦਿੱਤੇ ਜਾਣਗੇ ਮੈਮੋਰੰਡਮ

"Equality and justice"
Patiala 313 December
INTERNATIONAL PAPER, 94636 01616
hardipchumber57@gmail.com





-ਚਮਕੌਰ ਸਿੰਘ ਵੀਰ /ਡਾਕਟਰ ਮੱਖਣ ਸਿੰਘ ਸੰਗਰੂਰ ( ) ਕੇਂਦਰ ਦੀ ਭਾਜਪਾ ਸਰਕਾਰ ਨੇ ਜੋ ਦੇਸ਼ ਦੇ ਮਜ਼ਦੂਰਾਂ ਲਈ ਮਨਰੇਗਾ ਸਕੀਮ ਦੀ ਥਾਂ ਤੇ ਵੀ ਬੀ ਜੀ ਰਾਮ ਜੀ ਸਕੀਮ ਦਾ ਬਿਲ ਪਾਸ ਕੀਤਾ ਹੈ, ਇਹ ਬਿਲ ਮਜ਼ਦੂਰਾਂ, ਕਿਰਤੀ ਵਰਗ, ਮਨਰੇਗਾ ਕਰਮਚਾਰੀਆਂ, ਲੱਖਾਂ ਮਨਰੇਗਾ ਵਰਕਰਾਂ ਦੇ ਖਿਲਾਫ ਹੋਣ ਕਾਰਨ ਬਹੁਜਨ ਸਮਾਜ ਪਾਰਟੀ ਪੰਜਾਬ 2 ਜਨਵਰੀ ਨੂੰ ਸਾਰੇ ਜਿਲਿਆਂ ਦੇ ਹੈਡ ਕੁਆਰਟਰਾਂ ਤੇ ਰੋਸ ਪ੍ਰਦਰਸ਼ਨ ਮੁਜ਼ਾਹਰਾ ਕਰੇਗੀ ਅਤੇ ਜਿਲੇ ਦੇ ਡੀ ਸੀ ਸਾਹਿਬਾਨਾਂ ਰਾਹੀਂ ਰਾਸ਼ਟਰਪਤੀ ਦੇ ਨਾਂ ਤੇ ਮੈਮੋਰੰਡਮ ਭੇਜੇ ਜਾਣਗੇ ਇਸ ਦੀ ਜਾਣਕਾਰੀ ਸ੍ਰ ਚਮਕੌਰ ਸਿੰਘ ਵੀਰ ਅਤੇ ਡਾਕਟਰ ਮੱਖਣ ਸਿੰਘ ਦੋਵੇਂ ਸਟੇਟ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਤੇ ਉਹਨਾਂ ਕਿਹਾ ਕਿ ਮਨਰੇਗਾ ਖਤਮ ਹੋਣ ਨਾਲ ਲਗਭਗ 2000 ਮਨਰੇਗਾ ਕਰਮਚਾਰੀਆਂ ਅਤੇ ਲੱਖਾਂ ਮਜ਼ਦੂਰਾਂ ਦਾ ਭਵਿੱਖ ਖਤਰੇ ਵਿੱਚ ਪਾ ਦਿੱਤਾ ਹੈ ਇਸ ਲਈ ਮਿਤੀ 2 ਜਨਵਰੀ ਨੂੰ ਸੰਗਰੂਰ ਜ਼ਿਲ੍ਹੇ ਦੇ ਬਸਪਾ ਵਰਕਰ ਅਤੇ ਮਨਰੇਗਾ ਵਰਕਰ ਸ੍ਰ ਸਤਗੁਰ ਸਿੰਘ ਕੌਹਰੀਆਂ ਜਿਲਾ ਪ੍ਰਧਾਨ ਬਸਪਾ ਦੀ ਪ੍ਰਧਾਨਗੀ ਹੇਠ ਭਗਵਾਨ ਵਾਲਮੀਕ ਸਰੋਵਰ ਸੰਗਰੂਰ ਦੇ ਬਾਹਰ ਇਕੱਠੇ ਹੋ ਕੇ ਉਥੋਂ ਰੋਸ ਪ੍ਰਦਰਸ਼ਨ ਕਰਦੇ ਹੋਏ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫਤਰ ਪੁੱਜਣਗੇ ਅਤੇ ਜਿੱਥੇ ਰੋਸ ਮੁਜ਼ਾਹਰਾ ਕਰਨ ਉਪਰੰਤ ਮੈਮੋਰੰਡਮ ਦਿੱਤੇ ਜਾਣਗੇ। ਇਸ ਸਮੇਂ ਪਵਿੱਤਰ ਸਿੰਘ ਸੰਗਰੂਰ, ਨਿਰਮਲ ਸਿੰਘ ਮੱਟੂ, ਸੂਬੇਦਾਰ ਰਣਧੀਰ ਸਿੰਘ ਨਾਗਰਾ,ਡਾ ਮਿੱਠੂ ਸਿੰਘ, ਗੁਰਮੇਲ ਸਿੰਘ ਰੰਗੀਲਾ, ਰਾਮ ਸਿੰਘ,ਡਾ ਰਾਜ ਕੁਮਾਰ, ਗੁਰਦੇਵ ਸਿੰਘ ਘਾਬਦਾਂ, ਗੁਰਮੇਲ ਸਿੰਘ, ਭੋਲਾ ਸਿੰਘ ਆਦਿ ਮੌਜੂਦ ਸਨ।

# ਮਨਰੇਗਾ ਬੰਦ ਹੋਣ ਦਾ ਝਟਕਾ ਵਿੱਤੀ ਸਾਲ 2026-2027 ਵਿਚ ਲੱਗੇਗਾ - ਬਲਦੇਵ ਭਾਰਤੀ

"Equality and justice"
Patiala 313 December
INTERNATIONAL PAPER, 94636 01616
hardipchumber57@gmail.com



ਰਾਹੋਂ (ਸਤਨਾਮ ਸਿੰਘ ਸਹੂੰਗੜਾ) ਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਐਨ ਐਲ ਓ) ਦੇ ਕਨਵੀਨਰ ਬਲਦੇਵ ਭਾਰਤੀ ਨੇ ਪਿੰਡ ਕਰਿਆਮ ਵਿਖੇ ਮਨਰੇਗਾ ਮਜ਼ਦੂਰਾਂ ਦੀ ਭਰਵੀਂ ਮੀਟਿੰਗ ਦੌਰਾਨ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਦੇਸ਼ ਦੀ ਲੋਕਤੰਤਰੀ ਭਾਵਨਾ ਨੂੰ ਸੱਟ ਮਾਰਨ ਵਾਲੇ ਇਸ ਨਵੇਂ ਬਿੱਲ 'ਵਿਕਸਤ ਭਾਰਤ ਗ੍ਰੰਟੀ ਫਾਰ ਰੋਜ਼ਗਾਰ ਐਂਡ ਆਜੀਵਿਕਾ' ਮਿਸ਼ਨ (ਗ੍ਰਾਮੀਣ) ਰਾਹੀਂ ਮਨਰੇਗਾ ਦਾ ਕੇਵਲ ਨਾਮ ਹੀ ਨਹੀਂ ਬਦਲਿਆ ਬਲਕਿ ਇਸ ਨੂੰ ਸੀਮਤ ਯੋਜਨਾ ਵਿੱਚ ਬਦਲਦਿਆਂ ਇਸ ਦਾ ਕਤਲ ਕਰ ਦਿੱਤਾ ਗਿਆ ਹੈ। ਇਸ ਨਾਲ ਪੇਂਡੂ ਖੇਤਰਾਂ ਦੇ ਮਜ਼ਦੂਰਾਂ ਨੂੰ ਬੇਰੁਜ਼ਗਾਰੀ ਅਤੇ ਬੰਧੂਆ ਮਜ਼ਦੂਰੀ ਹੰਢਾਉਣ ਲਈ ਮਜ਼ਬੂਰ ਹੋਣਗੇ। ਪੰਜਾਬ ਵਿੱਚ ਮਨਰੇਗਾ ਬੰਦ ਹੋਣ ਦਾ ਜ਼ਬਰਦਸਤ ਝਟਕਾ ਵਿੱਤੀ ਸਾਲ 2026-27 ਵਿੱਚ ਲੱਗੇਗਾ। ਉਨ੍ਹਾਂ ਦੱਸਿਆ ਕਿ ਇਸ ਬਿੱਲ ਵਿੱਚ ਸਾਫ਼ ਸਾਫ਼ ਸ਼ਰਤ ਹੈ ਕਿ ਕੇਂਦਰ ਸਰਕਾਰ ਬੱਜਟ ਰਾਸ਼ੀ ਵਿੱਚ 60% ਅਤੇ ਰਾਜ ਸਰਕਾਰ 40% ਹਿੱਸਾ ਪਾਉਣਗੀਆਂ। ਜਦਕਿ ਪਹਿਲਾਂ ਕੇਂਦਰ ਵੱਲੋਂ 90% ਰਾਸ਼ੀ ਭੇਜੀ ਜਾਂਦੀ ਸੀ ਅਤੇ 10% ਹਿੱਸਾ ਸੂਬੇ ਵੱਲੋਂ ਪਾਇਆ ਜਾਂਦਾ ਸੀ। ਪੰਜਾਬ ਵਰਗੇ 5 ਲੱਖ ਕਰੋੜ ਦੇ ਕਰਜ਼ੇ ਹੇਠ ਦੱਬੇ ਸੂਬੇ 40% ਹਿੱਸਾ ਪਾਉਣ ਲਈ ਸੋਚ ਵੀ ਨਹੀਂ ਸਕਦੇ। ਇਸ ਤਰ੍ਹਾਂ ਸੂਬਿਆਂ ਉੱਤੇ ਪਾਏ ਗਏ ਆਰਥਿਕ ਬੋਝ ਕਾਰਨ ਇਹ ਯੋਜਨਾ ਪਹਿਲੇ ਝਟਕੇ ਹੀ ਦਮ ਤੋੜ ਦੇਵੇਗੀ। ਨਾ ਨੌਂ ਮਣ ਤੇਲ ਹੋਵੇਗਾ ਨਾ ਰਾਧਾ ਨੱਚੇਗੀ। ਉਨ੍ਹਾਂ ਕਿਹਾ ਕਿ ਮਜ਼ਦੂਰ ਸੰਗਠਨਾਂ ਦਾ ਮੰਨਣਾ ਹੈ ਕਿ ਮਨਰੇਗਾ ਨੂੰ ਖ਼ਤਮ ਕਰਨਾ ਵੱਡੇ ਜਗੀਰਦਾਰਾਂ ਅਤੇ ਪੂੰਜੀਪਤੀਆਂ ਨੂੰ ਸਸਤੇ ਮਜ਼ਦੂਰ ਮੁਹੱਈਆ ਕਰਵਾਉਣ ਦੀ ਗਹਿਰੀ ਸਾਜ਼ਿਸ਼ ਹੈ। ਇਸ ਬਿੱਲ ਵਿੱਚ ਰੋਜ਼ਗਾਰ ਦੇ ਦਿਨ 100 ਤੋਂ ਵਧਾ ਕੇ 125 ਦਿਨ ਕਰਨਾ, ਜਲਵਾਯੂ-ਲਚਕੀਲੇਪਨ ਅਤੇ ਆਫਤ-ਘੱਟ ਕਰਨ ਦੇ ਕੰਮਾਂ ਨੂੰ ਕਾਨੂੰਨੀ ਮਾਨਤਾ ਦੇਣਾ, ਮਜ਼ਬੂਤ ਡਿਜੀਟਲ ਪਾਰਦਰਸ਼ਤਾ ਅਤੇ ਹਫਤਾਵਾਰੀ ਖੁਲਾਸੇ ਕਰਨਾ ਅਤੇ ਸਮਾਜਿਕ ਆਡਿਟ ਅਤੇ ਸ਼ਿਕਾਇਤ ਨਿਵਾਰਨ ਲਈ ਸਮਾਂ-ਸੀਮਾ ਤੈਅ ਕਰਨਾ ਆਦਿ ਬਿਲਕੁਲ ਠੀਕ ਹੈ। ਪਰ ਰਾਜ ਸਰਕਾਰਾਂ 'ਤੇ 40% ਹਿੱਸੇ ਦਾ ਬੋਝ, 60 ਦਿਨ ਕੰਮ ਬੰਦ ਰੱਖਣਾ, ਬਾਇਓਮੀਟ੍ਰਿਕ ਹਾਜ਼ਰੀ ਲਗਾਉਣਾ (ਜਿਸ ਵਿੱਚ ਹੱਥੀਂ ਮਿਹਨਤ ਕਰਨ ਵਾਲਿਆਂ ਦੇ ਫਿੰਗਰਪ੍ਰਿੰਟ (ਲਕੀਰਾਂ) ਸਾਫ਼ ਨਾ ਹੋਣ ਕਾਰਨ ਦਿੱਕਤ ਆਵੇਗੀ) ਅਤੇ ਕੰਮ ਦੀ ਮੰਗ ਖਤਮ ਕਰਨਾ ਬਿਲਕੁਲ ਗਲਤ ਹੈ।

# ਸਦਨ ਵੱਲੋਂ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾ ਤੇ ਸਤਿਕਾਰ ਭੇਟ

"Equality and justice"
Patiala 313 December
INTERNATIONAL PAPER, 94636 01616
hardipchumber57@gmail.com



ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਅੱਜ ਸਦਨ ਨੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ ਜਿਸ ਨਾਲ ਜਬਰ-ਜ਼ੁਲਮ ਵਿਰੁੱਧ ਡਟਣ ਦੀ ਪੰਜਾਬ ਦੀ ਮਹਾਨ ਵਿਰਾਸਤ ਦਾ ਦ੍ਰਿੜ੍ਹ ਪ੍ਰਗਟਾਵਾ ਹੁੰਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਵਿੱਚ ਸਦਨ ਨੇ ਅੱਜ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਸਦਨ ਨੇ ਮਾਤਾ ਗੁਜਰੀ ਜੀ, ਬਾਬਾ ਜੀਵਨ ਸਿੰਘ ਜੀ, ਬਾਬਾ ਸੰਗਤ ਸਿੰਘ ਜੀ ਅਤੇ ਦੀਵਾਨ ਟੋਡਰ ਮੱਲ ਜੀ ਤੇ ਹੋਰ ਸ਼ਹੀਦਾਂ ਨੂੰ ਵੀ ਯਾਦ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਮਹਾਨ ਕੁਰਬਾਨੀਆਂ ਨੇ ਸਾਨੂੰ ਜਬਰ-ਜ਼ੁਲਮ ਅੱਗੇ ਕਦੇ ਵੀ ਈਨ ਨਾ ਮੰਨਣ ਅਤੇ ਹਮੇਸ਼ਾ ਆਪਣੇ ਅਸੂਲਾਂ 'ਤੇ ਪਹਿਰਾ ਦੇਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ।

# ਭਗਤ ਸ਼ੰਮੀ ਚਾਵਲਾ ਨੂੰ ਸਦਮਾ, ਜੀਜਾ ਬੱਬੂ ਖੁਰਾਣਾ ਸਵਰਗਵਾਸ : ਢੋਸੀਵਾਲ

## -- ਭੋਗ ਅਤੇ ਅੰਤਿਮ ਅਰਦਾਸ 04 ਨੂੰ --

"Equality and justice"
Patiala 313 December
INTERNATIONAL PAPER, 94636 01616
hardipchumber57@gmail.com



ਸ੍ਰੀ ਮੁਕਤਸਰ ਸਾਹਿਬ, 30 ਦਸੰਬਰ ( ) ਸਥਾਨਕ ਗਾਂਧੀ ਨਗਰ ਸਥਿਤ ਡੇਰਾ ਸੰਤ ਬਾਬਾ ਬੱਗੂ ਭਗਤ, ਸੰਤ ਮੰਦਰ, ਸਾਂਝਾ ਦਰਬਾਰ ਦੇ ਕਰੀਬ ਚਾਲੀ ਸਾਲ ਤੋਂ ਚੱਲੇ ਆ ਰਹੇ ਗੱਦੀ ਨਸ਼ੀਨ ਪਰਮ ਸਤਿਕਾਰ ਯੋਗ ਭਗਤ ਸ਼ੰਮੀ ਚਾਵਲਾ (ਬਾਊ ਜੀ) ਦੇ ਸਤਿਕਾਰ ਯੋਗ ਜੀਜਾ ਰਵਿੰਦਰ ਖੁਰਾਣਾ ਉਰਫ ਬੱਬੂ ਖੁਰਾਣਾ (62) ਬੀਤੀ 24 ਦਸੰਬਰ ਨੂੰ ਅਕਾਲ ਚਲਾਣਾ ਕਰ ਗਏ ਸਨ। ਸਥਾਨਕ ਟਿੱਬੀ ਸਾਹਿਬ ਰੋਡ ਬ੍ਰਹਮ ਕੁਮਾਰੀ ਆਸ਼ਰਮ ਵਾਲੀ ਗਲੀ ਨਿਵਾਸੀ ਸਵ: ਖੁਰਾਣਾ ਆਪਣੇ ਪਿੱਛੇ ਧਰਮ ਪਤਨੀ ਆਸ਼ਾ ਰਾਣੀ ਉਰਫ ਡੌਲੀ, ਪੁੱਤਰ ਵਿਨੇ ਖੁਰਾਣਾ ਅਤੇ ਚੰਦਨ ਖੁਰਾਣਾ ਸਮੇਤ ਨੂੰਹ ਰਾਣੀ ਅਨਾਮਿਕਾ ਖੁਰਾਣਾ ਅਤੇ ਅੰਜਲੀ ਖੁਰਾਣਾ ਸਮੇਤ ਫੁੱਲ ਵਰਗਾ ਟਹਿਕਦਾ ਪੋਤਰਾ ਕਬੀਰ ਛੱਡ ਗਏ ਹਨ। ਦੋ ਭਰਾਵਾਂ ਅਤੇ ਦੋ ਭੈਣਾਂ ਦੇ ਪਿਆਰੇ ਸਵ: ਬੱਬੂ ਖੁਰਾਣਾ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਚੱਲੇ ਆ ਰਹੇ ਸਨ। ਵੱਖ-ਵੱਖ ਧਾਰਮਿਕ, ਰਾਜਨੀਤਕ ਪਾਰਟੀਆਂ ਅਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਨੇ ਬਾਊ ਸ਼ੰਮੀ ਚਾਵਲਾ ਜੀ ਅਤੇ ਖੁਰਾਣਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਅੱਜ ਸਵ: ਬੱਬੂ ਖੁਰਾਣਾ ਦੇ ਗ੍ਰਹਿ ਵਿਖੇ ਜਾ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਧਰਮ ਪਤਨੀ ਬਿਮਲਾ ਢੋਸੀਵਾਲ, ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਮਿਸ਼ਨ ਪੈਟਰਨ ਡਾ. ਸੁਰਿੰਦਰ ਗਿਰਧਰ, ਚੌ. ਬਲਬੀਰ ਸਿੰਘ ਅਤੇ ਨਰਿੰਦਰ ਕਾਕਾ ਸਮੇਤ ਕਈ ਹੋਰ ਮੈਂਬਰ ਮੌਜੂਦ ਸਨ। ਪ੍ਰਧਾਨ ਢੋਸੀਵਾਲ ਨੇ ਭਗਤ ਸ਼ੰਮੀ ਚਾਵਲਾ, ਸਵ: ਖੁਰਾਣਾ ਜੀ ਦੀ ਧਰਮ ਪਤਨੀ ਆਸ਼ਾ ਰਾਣੀ (ਡੌਲੀ) ਸਮੇਤ ਸਮੁੱਚੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਹਮਦਰਦੀ ਜਤਾਈ। ਇਸ ਮੌਕੇ ਖੁਰਾਣਾ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਰਾਜੇਸ਼ ਨਾਗਪਾਲ, ਵਿਸ਼ੂ ਕੋਟਕਪੂਰਾ, ਸਚਿਨ ਮਨਕਟਾਲਾ, ਪੰਡਿਤ ਆਦੇਸ਼ ਮਨੂ ਸ਼ਰਮਾ, ਸੋਨੂੰ ਭਟੇਜਾ ਅਤੇ ਅਸ਼ਵਨੀ ਗੁੰਬਰ ਸਮੇਤ ਕਈ ਹੋਰ ਪ੍ਰਮੁੱਖ ਸਖਸ਼ੀਅਤਾਂ ਮੌਜੂਦ ਸਨ। ਉਕਤ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਡੇਰਾ ਸੰਤ ਬਾਬਾ ਬੱਗੂ ਭਗਤ ਜੀ ਦੀ ਸਮੁੱਚੀ ਸੰਗਤ ਵੱਲੋਂ ਵੀ ਭਗਤ ਸ਼ੰਮੀ ਚਾਵਲਾ ਜੀ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਢੋਸੀਵਾਲ ਨੇ ਜਾਣਕਾਰੀ ਦਿੱਤੀ ਹੈ ਕਿ ਸਵ: ਖੁਰਾਣਾ ਨਮਿਤ ਅੰਤਿਮ ਅਰਦਾਸ ਅਤੇ ਸ੍ਰੀ ਗਰੁੜ ਪੁਰਾਣ ਪਾਠ ਦਾ ਭੋਗ ਆਉਂਦੀ 04 ਜਨਵਰੀ ਦਿਨ ਐਤਵਾਰ ਨੂੰ ਸਥਾਨਕ ਮੁਕਤੀਸਰ ਗੈਸਟ ਹਾਊਸ ਵਿਖੇ ਦੁਪਹਿਰ ਦੇ 1:00 ਤੋਂ 2:00 ਵਜੇ ਤੱਕ ਪਵੇਗਾ।

# ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਪਿੰਡਾਂ ਵਿੱਚ ਟਰੈਕਟਰ ਮਾਰਚ ਕੀਤਾ ਗਿਆ

"Equality and justice"
Patiala 313 December
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਅੱਜ ਸੰਯੁਕਤ ਕਿਸਾਨ ਮੋਰਚਾ, ਮੁਲਾਜ਼ਮ ਅਤੇ ਮਜ਼ਦੂਰ ਜਥਬੰਦੀਆਂ ਵੱਲੋਂ ਟਰੈਕਟਰ ਮਾਰਚ ਕੀਤਾ ਗਿਆ। ਇਹ ਮਾਰਚ ਪਿੰਡ ਮਹਿਰਮ ਪੁਰ ਦੀ ਗਰਾਉਡ ਤੋਂ ਸ਼ੁਰੂ ਹੋ ਕੇ ਮੱਲਪੁਰ, ਧਰਮਕੋਟ, ਹੰਸਰੋਂ, ਹਿਆਲਾ ਪਿੰਡਾਂ ਵਿੱਚੋਂ ਹੋਕੇ ਨਵਾਂਸ਼ਹਿਰ ਪੁੱਜਾ ਜਿੱਥੋਂ ਕਰੀਹਾ, ਕਰਿਆਮ, ਘਟਾਰੋਂ ਪਿੰਡਾਂ ਵਿਚੋਂ ਲੰਘਦਾ ਹੋਇਆ ਪਿੰਡ ਸਕੋਹ ਪੁਰ ਵਿਖੇ ਸਮਾਪਤ ਹੋਇਆ। ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਪੈਨਸ਼ਨਰਜ ਯੂਨੀਅਨ ਦੇ ਆਗੂ ਕੁਲਦੀਪ ਸਿੰਘ ਦੌੜਕਾ, ਕੁਲਵਿੰਦਰ ਸਿੰਘ ਅਟਵਾਲ, ਜਸਵਿੰਦਰ ਸਿੰਘ ਭੰਗਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਬਿਜਲੀ ਸੋਧ ਬਿੱਲ, ਖੇਤੀ ਬੀਜ ਸੋਧ ਬਿੱਲ ਲਿਆ ਕੇ ਬਿਜਲੀ ਅਤੇ ਖੇਤੀ ਬੀਜਾਂ ਦੀ ਮਨੋਪਲੀ ਕਾਰਪੋਰੇਟਾਂ ਨੂੰ ਸੌਂਪਣਾ ਚਾਹੁੰਦੀ ਹੈ।ਨਿੱਜੀਕਰਨ ਰਾਹੀਂ ਜਨਤਕ ਅਦਾਰਿਆਂ ਨੂੰ ਪੂੰਜੀਪਤੀਆਂ ਹੱਥ ਦੇ ਰਹੀ ਹੈ। ਮਗਨਰੇਗਾ ਦੀ ਥਾਂ ਜੀ ਰਾਮ ਜੀ ਕਾਨੂੰਨ ਲਿਆਂਦਾ ਗਿਆ ਹੈ। ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਪਹਿਲਾਂ ਹੀ ਲਾਗੂ ਕੀਤੇ ਜਾ ਚੁੱਕੇ ਹਨ। ਮੋਦੀ ਸਰਕਾਰ ਦੇ ਇਹਨਾਂ ਬਿੱਲਾਂ ਅਤੇ ਕਾਨੂੰਨਾਂ ਨੂੰ ਖਤਮ ਕਰਨ ਦੀ ਮੰਗ ਨੂੰ ਲੈਕੇ ਟਰੈਕਟਰ ਮਾਰਚ ਕੀਤੇ ਜਾ ਰਹੇ ਹਨ।ਇਹ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ। 16 ਜਨਵਰੀ ਨੂੰ ਪਾਵਰਕੌਮ ਦੇ ਨਵਾਸ਼ਹਿਰ ਸਰਕਲ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।

# ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜ ਕੇ ਹੀ ਮਜ਼ਦੂਰਾਂ ਦੇ ਹਿੱਤ ਸੁਰੱਖਿਤ ਹੋ ਸਕਦੇ ਹਨ- ਕਰੀਮਪੁਰੀ

"Equality and justice"
Patiala 313 December
INTERNATIONAL PAPER, 94636 01616
hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ),2 ਜਨਵਰੀ ਨੂੰ ਪੰਜਾਬ ਦੇ ਸਾਰੇ ਜਿਲ੍ਹਿਆਂ ਚ ਮਜ਼ਦੂਰਾਂ ਦੇ ਹਿੱਤਾਂ ਲਈ ਰੱਖੇ ਧਰਨੇ ਪ੍ਰਦਰਸ਼ਨ 'ਚ ਸ਼ਾਮਿਲ ਹੋਣ ਦਾ ਸੱਦਾ ਅੱਜ ਅਵਤਾਰ ਸਿੰਘ ਕਰੀਮਪੁਰੀ ਜੀ ਦਿੱਤਾ।ਵਿਧਾਨ ਸਭਾ ਹਲਕਾ ਬੰਗਾ ਦੇ ਪਿੰਡ ਗੌਣਾਚੁਰ ਵਿਖੇ ਬਲਾਕ ਸੰਮਤੀ ਜਿਲ੍ਹਾ ਪਰਿਸ਼ਦ ਇਲੈਕਸ਼ਨ ਦੀ ਸਮੀਖਿਆ ਅਤੇ 2 ਜਨਵਰੀ ਨੂੰ ਮਨਰੇਗਾ ਮਜ਼ਦੂਰਾਂ ਤੋਂ ਰੁਜ਼ਗਾਰ ਖੋਹੇ ਜਾਣ ਵਾਲੇ ਕੇਂਦਰ ਸਰਕਾਰ ਦੇ ਕਾਨੂੰਨ ਦੇ ਵਿਰੁੱਧ ਅਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਵਿਰੁੱਧ ਜ਼ਿਲਾ ਪੱਧਰ ਤੇ ਧਰਨਾ ਪ੍ਰਦਰਸ਼ਨ ਦੀਆਂ ਤਿਆਰੀਆਂ ਲਈ ਡਿਊਟੀਆਂ ਲਗਾਈਆਂ ਗਈਆਂ । ਇਸ ਧਰਨੇ ਪ੍ਰਦਰਸ਼ਨ ਵਿੱਚ ਮਨਰੇਗਾ ਮਜ਼ਦੂਰਾਂ ਨੂੰ ਪਿੰਡ ਪਿੰਡ ਜਾਂ ਕਿ ਦੱਸੋ ਕਿ ਦੋਵੇਂ ਸਰਕਾਰਾਂ ਤੁਹਾਡੇ ਹੱਕਾਂ ਅਧਿਕਾਰਾਂ ਤੇ ਡਾਕੇ ਮਾਰ ਰਹੀ ਹੈ ਇਸ ਸਰਕਾਰ ਦਾ ਸਾਹਮਣਾ ਕਰਨ ਲਈ 2 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਤੇ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ, ਮਾਂ ਸਤਪਾਲ ਰਟੈਂਡਾ ਪ੍ਰਧਾਨ ਬੰਗਾ, ਚਰਨਜੀਤ ਮੰਢਾਲੀ ਜਨਰਲ ਸਕੱਤਰ, ਸੁਰਜੀਤ ਸਿੰਘ ਝੰਡੇਰ ਵਰਡ ਵਾਈ ਬੀ ਐੱਸ ਪੀ ਸਪੋਰਟਰ,ਵਿਜੇ ਗੁਣਾਚੌਰ ਜ਼ਿਲ੍ਹਾ ਸਕੱਤਰ, ਅਜੀਤ ਰਾਮ ਗੁਣਾਚੌਰ ਬਜ਼ੁਰਗ ਆਗੂ, ਜਗਦੀਸ਼ ਲਾਲ ਪਹਿਲਵਾਨ,ਹਰਮੇਲ ਰਟੈਂਡਾ , ਚਰਨਜੀਤ ਸਿੰਘ ਨੰਬਰਦਾਰ ਅਤੇ ਪਿੰਡ ਗੁਣਾਚੌਰ ਦੇ ਕਈ ਵਰਕਰ ਹਾਜ਼ਰ ਹੋਏ।

“Equality and justice”
Patiala 313 December
INTERNATIONAL PAPER, 9463601616
hardipchumber57@gmail.com

# ਮਗਨਰੇਗਾ ਦੇ ਨਾਂਅ ਤੇ ਮਜ਼ਦੂਰਾਂ ਨੂੰ ਬੇਰੋਜ਼ਗਾਰ ਕੀਤਾ ਜਾ ਰਿਹਾ

ਐਸ ਐਲ ਵਿਰਦੀ ਐਡਵੋਕੇਟ

ਫਗਵਾੜਾ( ਚਰਨਜੀਤ ਸੱਲ੍ਹਾਂ )ਭਾਰਤ ਸਰਕਾਰ ਵੱਲੋਂ 2005 ਵਿੱਚ ਮਹਾਤਮਾ ਗਾਂਧੀ ਰਾਸ਼ਟਰੀਯ ਗ੍ਰਾਮੀਣ ਰੋਜ਼ਗਾਰ ਗਰੰਟੀ ਅਧਿਨਿਯਮ (ਮਨਰੇਗਾ) ਕਨੂੰਨ ਪਾਸ ਕੀਤਾ ਗਿਆਸਮੀ। ਮਨਰੇਗਾ ਕਨੂੰਨ ਦਾ ਮਕਸਦ ਦੇਸ਼ ਅੰਦਰ ਬੇਰੋਜ਼ਗਾਰ, ਬੇ-ਜ਼ਮੀਨੇ, ਸਾਧਨਹੀਣ ਅਤੇ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੇ ਮਜ਼ਦੂਰਾਂ ਨੂੰ ਸੀਮਤ ਦਿਨਾਂ ਲਈ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣਾ ਸੀ, ਤਾਂ ਜੋ ਉਨ੍ਹਾਂ ਦਾ ਜੀਵਨ ਵੀ ਖੁਸ਼ਹਾਲ ਹੋ ਸਕੇ। ਇਹ ਕਨੂੰਨ ਪਿਛਲੇ 20 ਸਾਲਾਂ ਤੋਂ ਚਲਦਾ ਆ ਰਿਹਾ ਹੈ।

ਹੁਣ ਕੇਂਦਰ ਸਰਕਾਰ ਨ ਇਸ ਦਾਨਾਂਅ ਬਦਲਕੇ ਆਪਣੀਆਂ ਨੀਤੀਆਂ ਅਨੁਸਾਰ ..ਜੀ ਰਾਮ ਜੀ ਰੱਖ ਦਿੱਤਾ ਹੈ। ਕੇਂਦਰ ਸਰਕਾਰ ਦੇ ਆਗੂ ਇਹ ਦਾਅਵਾ ਕਰਦੇ ਹਨ ਕਿ ਅਸੀਂ ਕੰਮ ਦੇ ਦਿਨ 125 ਕਰ ਦਿੱਤੇ ਹਨ। ਕੇਂਦਰ ਸਰਕਾਰ ਨ ਬੇਸ਼ਕ ਕੰਮ ਦੇ ਦਿਨ ਵਧਾਕੇ 100 ਤੋਂ 125 ਕਰ ਦਿੱਤੇ ਹਨ ਪਰ ਪਿੱਛਲੇ ਤਜਰਬੇ ਇਹ ਦੱਸਦੇ ਹਨ ਕਿ ਅਜਿਹੇ ਦਾਹਵੇ ਜਮੀਨੀ ਤੌਰ ਤੇ ਖ਼ਰੇ ਨਹੀ ਉਤਰਦੇ। ਉਲਟਾ ਕੇਂਦਰ ਸਰਕਾਰ ਨੇ ਫਿੰਡ ਵਿਚ ਕਾਨਾ ਪਾ ਦਿੱਤਾ ਹੈ। ਪਹਿਲਾਂ ਇਸ ਸਕੀਮ ਵਿਚ ਰਾਜ ਸਰਕਾਰਾਂ 10 ਫ਼ੀਸਦੀ ਗ੍ਰਾਂਟ ਦਾ ਹਿੱਸਾ ਪਾਉਦੀਆਂ ਸਨ, ਹੁਣ ਕੇਂਦਰ ਸਰਕਾਰ ਨੇ ਇਹ ਵਧਾਕੇ ਰਾਜ ਸਰਕਾਰਾਂ ਲਈ 40 ਫ਼ੀਸਦੀ ਗ੍ਰਾਂਟ ਦੇਣਾ ਤਹਿ ਕਰ ਦਿੱਤਾ ਹੈ। ਪੰਜਾਬ ਵਰਗੇ ਔਤ ਦੇ ਕਰਜਾਈ ਰਾਜ ਨੂੰ 40 ਫ਼ੀਸਦੀ ਗ੍ਰਾਂਟ ਦਾ ਹਿੱਸਾ ਦੇਣਾ ਔਖਾ ਹੀ ਨਹੀ ਨਾਮੁਮਕਨ ਵੀ ਹੋਵੇਗਾ।

ਪਿੱਛਲੇ ਪੰਜ ਮਹੀਨਿਆਂ ਤੋਂ ਮਜ਼ਦੂਰਾਂ ਨੂੰ ਕੋਈ ਕੰਮ ਨਹੀ ਮਿਲ ਰਿਹਾ ਹੈ। ਜਿਸ ਕਾਰਨ ਮਜ਼ਦੂਰਾਂ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੋ ਗਿਆ ਹੈ। ਉਨਾਂ ਨੂੰ ਪਰਿਵਾਰਕ ਜਰੂਰਤਾਂ, ਸਿਹਿਤ ਸਹੂਲਤਾਂ ਤੇ ਬੱਚਿਆ ਨੂੰ ਪੜ੍ਹਾਉਣ ਲਈ ਤਰਸਯੋਗ ਹਾਲਾਤਾਂ 'ਚ ਗੁਜਰਨਾ ਪੈ ਰਿਹਾ ਹੈ। ਸਰਕਾਰਾਂ ਭਾਵੇ ਕੇਂਦਰ ਦੀਆਂ ਹੋਣ,. ਚਾਹੇ ਰਾਜ ਸਰਕਾਰਾਂ ਦੀਆਂ, ਮਜ਼ਦੂਰਾਂ ਨੂੰ ਹੁਣ ਤਕ ਖੱਜਲ ਖੁਆਰ ਹੀ ਕਰਦੀਆਂ ਆ ਰਹੀਆਂ ਹਨ।

ਪਿੱਛਲੇ ਦਿਨੀ ਬੋਟ ਕਲੱਬ ਤੇ ਧਰਨਾ ਲਾਕੇ ਬੈਠੀਆਂ ਮਨਰੇਗਾ ਔਰਤ ਮਜ਼ਦੂਰਾਂ ਨੂੰ ਪੱਤਰਕਾਰ ਨੇ ਪੁੱਛਿਆ, ‘‘ਤੁਸੀ ਧਰਨਾ ਲਾਕੇ ਕਿਉ ਬੈਠੀਆਂ? ਤਾਂ ਉਸ ਦੱਸਿਆ, ‘‘ਸਾਡਾ ਜੇਬ-ਕਾਰਡ ਕੱਟ ਦਿੱਤਾ ਹੈ। ਇਹ ਜੌਬ-ਕਾਰਡ ਹੀ ਸਾਡੀ ਪਹਿਚਾਣ ਹੈ,ਇਸ ਨਾਲ ਹੀ ਸਾਨੂੰ ਦਿਹਾੜੀ ਮਿਲਦੀ ਸੀ। ਸਾਡੀ ਤਾਂ ਇਨ੍ਹਾਂ ਪਹਿਚਾਣ ਹੀ ਖ਼ਤਮ ਕਰ ਦਿੱਤੀ ਹੈ, ਦਿਹਾੜੀ ਕਿੱਦਾਂ ਮਿਲੂ? ਉਸ ਰੋਂਦਿਆ ਦੱਸਿਆ ਕਿ ਮੇਰੇ ਪਰਿਵਾਰ ਦੇ ਛੇ ਮੈਂਬਰ ਹਨ, ਕਿੱਥੋਂ ਰੋਟੀ ਖਾਈਏ?’’

ਫਿਰ ਪੱਤਰਕਾਰ ਨੇ ਮਜ਼ਦੂਰਾਂ ਦੇ ਆਗੂ ਨੂੰ ਪੁੱਛਿਆ, ‘‘ਭਾਈ ਸਾਹਿਬ ਜੀ, ਤੁਸੀਂ ਮਨਰੇਗਾ ਸੰਘਰਸ਼ ਮੋਰਚਾ ਲਾਇਆ ਹੋਇਆ ਹੈ, ਤੁਹਾਡੀ ਕੀ ਮੰਗ ਹੈ? ਯੂਨੀਅਨ ਦੇ ਆਗੂ ਦੱਸਿਆ ਕਿ ਇਸੇ ਸਾਲ ਦਰਮਿਆਨ ਹੀ ਇਨ੍ਹਾਂ 84 ਲੱਖ 8 ਹਜ਼ਾਰ ਮਨਰੇਗਾ ਵਰਕਰ ਰਜਿਸਟਰਡ ਕੀਤੇ, ਪਰ ਇਸੇ ਦਰਮਿਆਨ 39 ਲੱਖ 3 ਹਜ਼ਾਰ ਦੇ ਇਨ੍ਹਾਂ ਜੌਬ-ਕਾਰਡ ਕੱਟ ਦਿੱਤੇ ਹਨ।’’

ਪੱਤਰਕਾਰ ਨੇ ਪੁੱਛਿਆ, ‘‘ਕੱਟਣ ਦੀ ਕੀ ਵਜ੍ਹਾ ਹੈ?’’

ਯੂਨੀਅਨ ਦੇ ਆਗੂ ਨੇ ਦੱਸਿਆ, ‘‘ਬਹੁਤੇ ਇਲਾਕਿਆਂ 'ਚ ਨੈਟ-ਵਰਕ ਨਹੀਂ ਆਉਂਦਾ, ਐਪ ਚੱਲਦੀ ਨਹੀਂ, ਮਜ਼ਦੂਰਾਂ ਦੀ ਹਾਜ਼ਰੀ ਲੱਗਦੀ ਨਹੀਂ। ਪਰ ਉਥੇ ਮਜ਼ਦੂਰਾਂ ਤੋਂ ਤਾਂ ਕੰਮ ਕਰਵਾ ਲਿਆ ਜਾਂਦਾ ਹੈ। ਇਨ੍ਹੀ ਜਿਹੜਾ ਆਹ ਅੰਗੂਠੇ ਲਾਉਣ ਦਾ ਕਨੂੰਨ ਬਣਾਇਆ ਆ 'ਨੇ ਅਟੈਚੈਂਸਟ, ਨੇ ਪੇਮੈਂਟ' ਕਰਕੇ, ਮਜ਼ਦੂਰਾਂ ਨੂੰ ਪੇਮੈਂਟ ਨਹੀਂ ਮਿਲਦੀ। ਇੰਨਾ ਹੀ ਨਹੀ ਕਈ ਵਾਰ ਅਧਾਰ ਕਾਰਡ ਮੇਲ ਨਹੀਂ ਖਾਂਦੇ। ਬਹੁਤ ਸਾਰੇ ਮਜ਼ਦੂਰਾਂ ਦੇ ਖਾਤਿਆਂ 'ਚ ਪੈਸੇ ਨਹੀਂ ਆਉਂਦੇ ਹਨ। ਮਜ਼ਦੂਰ ਕਿੱਥੋਂ ਖਾਣ?

ਆਗੂ ਨੇ ਇਹ ਵੀ ਦੱਸਿਆ ਕਿ ਝੋਨੇ ਦੀ ਲੁਆਈ, ਡੀਲੇ ਦੀ ਕਢਾਈ ਵਿੱਚ ਔਰਤਾਂ ਮਰਦਾਂ ਨਾਲੋਂ ਵੀ ਜ਼ਿਆਦਾ ਕੰਮ ਕਰਦੀਆਂ ਹਨ ਪਰ ਔਰਤਾਂ ਨੂੰ ਮਜ਼ਦੂਰੀ ਘੱਟ ਦਿੱਤੀ ਜਾਂਦੀ ਹੈ। ਇਸ ਰਜਿਸਟ੍ਰੇਸ਼ਨ ਦੇ ਅਧਾਰ 'ਤੇ ਬੁਢਾਪਾ ਪੈਨਸ਼ਨ, ਦੁਰਘਟਨਾ ਬੀਮਾ, ਸਿਹਤ ਬੀਮਾ ਅਤੇ ਮੌਤ ਹੋ ਜਾਣ ਉਤੇ ਪਰਿਵਾਰ ਨੂੰ ਗੁਜ਼ਾਰੇ ਵਾਸਤੇ ਕੋਈ ਮਦਦ ਦਿੱਤੀ ਜਾਂਦੀ ਹੈ?’’

ਪੱਤਰਕਾਰ ਕਿਹਾ, ‘‘ਜਦ ਇਹ ਸਰਕਾਰੀ ਮੁਲਾਜ਼ਮ ਹਨ, ਫਿਰ ਇਨ੍ਹਾਂ ਮਜ਼ਦੂਰਾਂ ਨਾਲ ਇਹ ਵਿਤਕਰਾਂ ਕਿਓ ਕੀਤਾ ਜਾ ਰਿਹਾ? ਤਾਂ ਮਜ਼ਦੂਰਾਂ ਦੇ ਆਗੂ ਕਿਹਾ, ‘‘ਕਿਉਕਿ ਕੋਈ ਵੀ ਪਾਰਟੀ ਇਨ੍ਹਾਂ ਦੇ ਮੁੱਦੇ ਨਹੀ ਉਠੌਉਦੀ।’’

ਪੱਤਰਕਾਰ ਪੁੱਛਿਆ, ‘‘ਤੁਸੀ ਇਸ ਬਾਰੇ ਸਰਕਾਰ ਨੂੰ ਕੁੱਝ ਕਹਿਣਾ ਚਾਹੁੰਗੇ?

ਮਜ਼ਦੂਰ ਆਗੂ-‘‘ਆਹ ਮਨਰੇਗਾ ਮਜ਼ਦੂਰਾਂ ਦੀ ਤ੍ਰਾਸਦੀ ਦਾ ਮੈਮੋਰੈਂਡਅਮ ਆ, ਸਾਡੇ ਵਲੋਂ ਪ੍ਰਧਾਨ ਮੰਤਰੀ ਜੀ ਤਕ ਪਹੁੰਚਾ ਦਿਓ ਤਾਂ ਬਹੁਤ ਮੇਹਰਬਾਨੀ ਹੋਵੇਗੀ।’’

ਪੱਤਰਕਾਰ ਪੁੱਛਿਆ, ‘‘ਇਸ ਮੈਮੋਰੈਂਡਅਮ 'ਚ ਕੀ ਮੰਗਦੇ ਹੋ?’’

ਮਜ਼ਦੂਰ ਆਗੂ, ‘‘ਮਨਰੇਗਾ ਮਜ਼ਦੂਰ ਯੂਨੀਅਨ ਮੰਗ ਕਰਦੀ ਹੈ ਕਿ-

1. ਮਨਰੇਗਾ ਮਜ਼ਦੂਰਾਂ ਦੀ ਨੂੰ ਬੁਢਾਪਾ ਪੈਨਸ਼ਨ ਦਿੱਤੀ ਜਾਵੇ। ਉਮਰ 60 ਦੀ ਥਾਂ ਦੇਵਾਂ ਮਰਦ-ਔਰਤ ਦੀ 55 ਸਾਲ ਨੂੰ ਅਧਾਰ ਮੰਨਿਆ ਜਾਵੇ ਕਿਉਕਿ ਉਹ ਅਸੁਰੱਖਿਤ, ਸਖ਼ਤ ਸਰੀਰਕ ਕੰਮ ਕਰਦੇ ਹਨ।

2. ਮਨਰੇਗਾ ਮਜ਼ਦੂਰਾਂ ਦੀ ਬੁਢਾਪਾ ਪੈਨਸ਼ਨ ਤੈਅ ਕਰਦੇ ਸਮੇਂ ਵਰਤਮਾਨ ਮੰਗਿਆਈ ਅਤੇ ਬਜ਼ਾਰੀ ਕੀਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਪੈਨਸ਼ਨ ਦਿੱਤੀ ਜਾਵੇ।

3. 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਰਜਿਸਟਰਡ ਮਜ਼ਦੂਰਾਂ 'ਤੇ ਆਸ਼ਰਿਤ ਮੰਨ ਕੇ, ਉਨਾਂ ਦੀ ਪੜ੍ਹਾਈ, ਸਿਹਤ ਅਤੇ ਦੁਰਘਟਨਾ ਸਮੇਂ ਸਰਕਾਰੀ ਤੌਰ 'ਤੇ ਸਹਾਇਤਾ ਦਿੱਤੀ ਜਾਵੇ।

4. ਮਜ਼ਦੂਰ ਜਮਾਤ ਨੂੰ ਮਨਰੇਗਾ ਦੀ ਪੂਰੀ ਜਾਣਕਾਰੀ ਨਹੀਂ ਹੈ। ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦੀ ਇਸ ਸਬੰਧੀ ਡਿਊਟੀ ਲਾ ਕੇ ਪੂਰੀ ਜਾਣਕਾਰੀ ਦਿੱਤੀ ਜਾਵੇ। 5. ਮਨਰੇਗਾ ਵਰਕਰਾਂ ਦੀਆਂ ਸੜਕਾਂ ਦੇ ਕੰਢਿਆਂ 'ਤੇ ਕੰਮ ਕਰਦਿਆਂ ਦੀ ਨਾ ਤਾਂ ਸੁਰੱਖਿਆ ਦਾ ਕੋਈ ਪ੍ਰਬੰਧ ਹੈ, ਨਾ ਹੀ ਇਨ੍ਹਾਂ ਵਰਕਰਾਂ ਦਾ ਬੀਮਾ ਕੀਤਾ ਜਾਂਦਾਂ ਹੈ। ਕਈ ਵਾਰ ਹਾਦਸੇ ਹੋ ਜਾਂਦੇ ਹਨ। ਕੋਈ ਵੀ ਏਜੰਸੀ ਜਾਂ ਸਰਕਾਰ ਇਨ੍ਹਾਂ ਦੀ ਬਾਂਹ ਫੜਨ ਨੂੰ ਤਿਆਰ ਨਹੀ ਹੈ।

6. ਹਾਦਸੇ ਵਿੱਚ ਪੀੜਤ ਪਰਿਵਾਰਾਂ ਨੂੰ10-10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਮ੍ਰਿਤਕ ਮਜ਼ਦੂਰਾਂ ਦੇ ਸਿਰ 'ਤੇ ਖੜ੍ਹਾ ਸਰਕਾਰੀ ਤੇ ਗ਼ੈਰ ਸਰਕਾਰੀ ਕਰਜ਼ਾ ਮੁਆਫ਼ ਕੀਤਾ ਜਾਵੇ ਅਤੇ ਪਰਿਵਾਰ ਦੇ ਇੱਕ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਕਿਸੇ ਅਣ-ਹੋਣੀ ਘਟਨਾਂ ਦੀ ਸੂਰਤ ਵਿਚ ਮਜਦੂਰਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਸਰਕਾਰੀ ਪੱਧਰ 'ਤੇ ਕੀਤਾ ਜਾਵੇ।।

7. ਮਨਰੇਗਾ ਮਜ਼ਦੂਰੀ ਦੇ ਦਿਨ 100 ਤੋਂ ਵਧਾਕੇ 200 ਕੀਤੇ ਜਾਣ।

ਧੰਨਵਾਦ ਸਹਿਤ! ਮਨਰੇਗਾ ਮਜ਼ਦੂਰ ਯੂਨੀਅਨ
ਮੋ. 98145 17499
ਜੀ ਟੀ ਰੋਡ, ਸਿਵਲ ਕੋਰਟਸ, ਫਗਵਾੜਾ

# *ਪਾਵਰਕਾਮ ਦੇ ਆਊਟਸੋਰਸ ਸਪੋਟ ਬਿਲਿੰਗ ਮੀਟਰ ਰੀਡਰਾ ਨੂੰ ਪੱਕਾ ਕਰੇ ਸਰਕਾਰ ਗੋਲਡੀ ਪੁਰਖਾਲੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 313 ਦਸੰਬਰ
INTERNATIONAL PAPER, 9463601616
hardipchumber57@gmail.com

ਰੋਪੜ (ਚਰਨਜੀਤ ਸੱਲ੍ਹਾਂ )ਬਹੁਜਨ ਸਮਾਜ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੋਲਡੀ ਪਰਖਾਲੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪਾਵਰਕਾਮ ਦੇ ਆਊਟਸੋਰਸ ਸਪੋਟ ਬਿਲਿੰਗ ਮੀਟਰ ਰੀਡਰਾ ਦੀ ਹੜਤਾਲ ਪਿਛਲੇ 42 ਦਿਨਾਂ ਤੋ ਚੱਲ ਰਹੀ ਹੈ।ਮੁਲਾਜਮ ਆਪਣੀਆਂ ਮੰਗਾ ਦਾ ਹੱਲ ਕਰਵਾਉਣ ਲਈ ਪਿਛਲੇ 12 ਦਿਨਾਂ ਤੋਂ ਪਾਵਰਕਾਮ ਦੇ ਹੈਡ ਆਫਿਸ ਪਟਿਆਲਾ ਅੱਗੇ ਪੱਕਾ ਧਰਨਾ ਲਗਾ ਕੇ ਬੈਠੇ ਹਨ। ਦੋ ਦਿਨ ਦੀ ਭੁੱਖ ਹੜਤਾਲ ਵੀ ਕੀਤੀ ਗਈ ਸੀ।ਇਸ ਸਮੇਂ ਪੰਜਾਬ ਵਿੱਚ ਕੜਾਕੇ ਦੀ ਠੰਡ ਪੈ ਰਹੀ ਹੈ। ਠੰਡ ਵਿੱਚ ਆਮ ਜਨਜੀਵਨ ਪ੍ਰਭਾਵਿਤ ਹੋ ਰਿਹਾ ਹੈ। ਪਰੰਤੂ ਵਿਭਾਗ ਦੇ ਕਿੰਨੇ ਹੀ ਅਫਸਰ ਜਿਨ੍ਹਾਂ ਅੱਗੇ ਇਸ ਠੰਡ ਵਿੱਚ ਧਰਨਾ ਚੱਲ ਰਿਹਾ ਹੈ।ਉਹ ਇਸ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਤੇ ਅਣਜਾਣ ਬਣੇ ਬੈਠੇ ਹਨ। ਵੈਸੇ ਤਾਂ ਇਹ ਮੁਲਾਜਮ ਆਪਣੀ ਡਿਊਟੀ ਵੀ ਕੜਾਕੇ ਦੀ ਠੰਡ ਅਤੇ ਅੱਤ ਦੀ ਗਰਮੀ ਵਿੱਚ ਕਰਕੇ ਵਿਭਾਗ ਵਿੱਚ ਸੇਵਾ ਨਿਭਾ ਰਹੇ ਹਨ। ਇਹ ਮੁਲਾਜਮ ਕੜਾਕੇ ਦੀ ਠੰਡ, ਗਰਮੀ, ਬਰਸਾਤਾਂ ਦੇ ਮੌਸਮ ਵਿੱਚ ਘਰ-ਘਰ, ਦੁਕਾਨਾਂ, ਹਸਪਤਾਲਾਂ, ਟਾਵਰਾਂ, ਟੈਪਰੇਰੀ ਮੀਟਰਾਂ, ਜੀ.ਟੀ. ਮੀਟਰਾਂ, ਸੋਲਰ ਮੀਟਰਾਂ ਦੇ ਬਿਜਲੀ ਬਿੱਲ ਬਣਾ ਕੇ ਖਪਤਕਾਰਾਂ ਤੱਕ ਹਰ ਰੋਜ਼ ਪਹੁੰਚਾਉਦੇ ਹਨ। ਇਨ੍ਹਾਂ ਮੁਲਾਜਮਾ ਦੀ ਬਿਲਿੰਗ ਦਾ ਸਿੱਧਾ ਸਬੰਧ ਵਿਭਾਗ ਦੇ ਰੈਵੀਨਿਊ ਨਾਲ ਹੈ।ਬਿਜਲੀ ਬਿੱਲ ਬਣਨ ਉਪਰੰਤ ਹੀ ਵਿਭਾਗ ਕੋਲ ਪੈਸਾ ਇਕੱਠਾ ਹੁੰਦਾ ਹੈ।ਪਰੰਤੂ ਇਹ ਮੁਲਾਜਮ ਆਪ ਗਰੀਬੀ ਵਿੱਚੋਂ ਗੁਜਰ ਕੇ ਜਿੰਦਗੀ ਵਤੀਤ ਕਰਨ ਲਈ ਮਜਬੂਰ ਹਨ ਇਨਾ ਦਾ ਆਰਥਿਕ ਸ਼ੋਸ਼ਣ ਲਗਾਤਾਰ ਪਿਛਲੇ 12 ਸਾਲਾ ਤੋ ਹੋ ਰਿਹਾ ਹੈ।ਇਸ ਕੰਮ ਨੂੰ ਕਰਨ ਤੇ ਇਨ੍ਹਾਂ ਮੁਲਾਜਮਾ ਦਾ ਪ੍ਰਤੀ ਮਹੀਨਾ 4000 ਰੁਪਏ ਦਾ ਪੈਟਰੋਲ ਖਰਚ ਹੋ ਜਾਦਾ ਹੈ। ਵਿਭਾਗ ਦਾ ਖਪਤਕਾਰਾਂ ਤੱਕ ਬਿਜਲੀ ਬਿੱਲ ਵੀ ਆਨਲਾਈਨ ਸਾਫਟਵੇਅਰ ਅਤੇ ਆਨਲਾਈਨ ਵਿਧੀ ਰਾਹੀ ਬਣਦਾ ਹੈ । ਉਸ ਲਈ ਜੋ ਮੋਬਾਈਲ ਅਤੇ ਇਟਰਨੈਟ ਦਾ ਪ੍ਰਤੀ ਮਹੀਨਾ 1000 ਰੁਪਏ ਖਰਚ ਵੀ ਇਹ ਮੀਟਰ ਰੀਡਰ ਆਪਣੀ ਜੇਬ ਵਿੱਚੋਂ ਹੀ ਕਰਦੇ ਹਨ। ਭਾਵ ਕਿ ਮਹੀਨੇ ਦਾ ਬਿਲਿੰਗ ਕਰਨ ਤੇ 5000 ਖਰਚ ਆਉਦਾ ਹੈ।ਦੂਜੇ ਪਾਸੇ ਇਨ੍ਹਾਂ ਨੂੰ ਤਨਖਾਹ 5000 ਤੋ 6000 ਰੁਪਏ ਦੇ ਕੇ ਸ਼ੋਸ਼ਣ ਲਗਾਤਾਰ ਪਿਛਲੇ 12 ਸਾਲਾ ਤੋ ਚੱਲ ਰਿਹਾ ਹੈ। ਜਦੋਂ ਵੀ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਇਸ ਮਸਲੇ ਨੂੰ ਲਿਖਤੀ ਅਤੇ ਜੁਬਾਨੀ ਤੌਰ ਤੇ ਲਿਆਦਾਂ ਜਾਦਾ ਹੈ ਤਾਂ ਵਿਭਾਗ ਦੇ ਅਧਿਕਾਰੀ ਵੀ ਇਹ ਕਹਿ ਦਿੰਦੇ ਹਨ ਕਿ ਮੀਟਰ ਰੀਡਰ ਦੀ ਤਨਖਾਹ ਪ੍ਰਤੀ ਬਿੱਲ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ ਜਦੋਂ ਕਿ ਵਰਕ ਆਰਡਰ ਵਿੱਚ ਲੇਬਰ ਕਾਨੂੰਨਾਂ ਅਨੁਸਾਰ ਤਨਖਾਹ ਦੇਣ ਦਾ ਜਿਕਰ ਹੈ। ਇਨ੍ਹਾਂ ਮੁਲਾਜਮਾ ਨੂੰ ਦਿੱਤੀ ਜਾਂਦੀ ਤਨਖਾਹ ਦੀ ਸੈਲਰੀ ਸਲਿੱਪ ਵੀ ਜਾਰੀ ਨਹੀਂ ਕੀਤੀ ਜਾਂਦੀ ਹੈ। ਕਈ ਕੰਪਨੀਆਂ ਟੈਡਰ ਖਤਮ ਹੋਣ ਤੇ ਇਨ੍ਹਾਂ ਮੁਲਾਜਮਾ ਦੀਆਂ 6 ਮਹੀਨੇ ਦੀਆਂ ਤਨਖਾਹਾਂ ਲੈ ਕੇ ਰਫੂਚੱਕਰ ਹੋ ਗਈਆਂ ਹਨ ਵਿਭਾਗ ਵੱਲੋਂ ਅੱਜ ਤੱਕ ਉਹ ਮਿਹਨਤਾਨਾ ਵੀ ਇਨ੍ਹਾਂ ਮੀਟਰ ਰੀਡਰਾ ਨੂੰ ਨਹੀ ਦਿੱਤਾ ਹੈ ਜਿਸ ਸਬੰਧੀ ਵਾਰ ਵਾਰ ਲਿਖਤੀ ਤੌਰ ਤੇ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ।ਆਰਥਿਕ ਅਤੇ ਮਾਨਸਿਕ ਤੌਰ ਤੇ ਪੀੜਤ ਇਨ੍ਹਾਂ ਮੁਲਾਜਮਾ ਨੂੰ ਇਨਸਾਫ਼ ਨਾ ਮਿਲਣ ਕਾਰਣ ਮਜਬੂਰੀ ਵੱਸ ਇਨ੍ਹਾਂ ਮੁਲਾਜਮਾ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਿਆ। ਆਪਣੀਆਂ ਵੱਖ ਵੱਖ ਹੱਕੀ ਮੰਗਾਂ ਦਾ ਹੱਲ ਕਰਵਾਉਣ ਦੀ ਮੰਗ ਕਰ ਰਹੇ ਇਨ੍ਹਾਂ ਮੀਟਰ ਰੀਡਰਾ ਦੀਆਂ ਮੰਗਾ ਹੱਲ ਕਰਨ ਦੀ ਬਜਾਏ ਇਨ੍ਹਾਂ ਮੀਟਰ ਰੀਡਰਾ ਨੂੰ ਵਾਰਨਿੰਗ ਪੱਤਰ, ਟਰਮੀਨੇਟ ਪੱਤਰ,ਸਪੋਟ ਬਿਲਿੰਗ ਆਈ. ਡੀ. ਬੰਦ ਕਰਕੇ ਇਨ੍ਹਾਂ ਦੀ ਥਾ ਨਵੇ ਮੀਟਰ ਰੀਡਰਾ ਦੀ ਭਰਤੀ ਕਰਕੇ ਹੋਰ ਮਨੁੱਖੀ ਅਧਿਕਾਰਾਂ ਦਾ ਘਾਣ ਲਗਾਤਾਰ ਜਾਰੀ ਹੈ।ਮੀਟਰ



ਰੀਡਰਾ ਵੱਲੋ ਹੋ ਰਹੇ ਭਰਿਸ਼ਟਾਚਾਰ ਦੀ ਜਾਂਚ ਕਰਨ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ ਕਿ ਤਨਖਾਹਾਂ, ਫੰਡਾ ਵਿੱਚ ਹੋ ਰਹੀਆਂ ਧਾਦਲੀਆ ਦੀ ਜਾਂਚ ਕੀਤੀ ਜਾਵੇ ਅਤੇ ਮੀਟਰ ਰੀਡਰਾ ਦੀ ਤਨਖਾਹਾਂ ਦਾ ਸਹੀ ਪ੍ਰਬੰਧ ਵਿਭਾਗ ਆਪਣੇ ਲੈਵਲ ਤੇ ਕਰੇ। ਮੀਟਰ ਰੀਡਰਾ ਦੀ ਇਹ ਵੀ ਮੰਗ ਹੈ ਕਿ ਉਨ੍ਹਾਂ ਦੇ ਨਾਲ ਹੋ ਰਹੇ ਸ਼ੋਸ਼ਣ ਅਤੇ ਖਰਾਬ ਕੀਤੇ ਜਾ ਰਹੇ ਭਵਿੱਖ ਨੂੰ ਸੁਰੱਖਿਅਤ ਕੀਤਾ ਜਾਵੇ। ਕਿਉਂਕਿ ਇਨ੍ਹਾਂ ਦੀ ਲੁੱਟ ਲਗਾਤਾਰ ਜਾਰੀ ਹੈ।ਜਥੇਬੰਦੀ ਦੇ ਆਗੂਆਂ ਵੱਲੋ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਰਟ ਮੀਟਰ ਲਗਾਉਣ ਦਾ ਵਿਰੋਧ ਵੀ ਜਥੇਬੰਦੀ ਵੱਲੋ ਕੀਤਾ ਜਾ ਰਿਹਾ ਹੈ। ਕਿਉਕਿ ਜਿੱਥੇ ਸਮਾਰਟ ਮੀਟਰਾ ਨਾਲ ਪੰਜਾਬ ਦੇ ਲੋਕਾਂ ਤੇ ਆਰਥਿਕ ਬੋਝ ਪਵੇਗਾ ਉੱਥੇ ਹੀ ਪੰਜਾਬ ਦੇ ਹਜਾਰਾਂ ਨੌਜਵਾਨਾਂ ਦਾ ਰੋਜਗਾਰ ਵੀ ਖਤਮ ਹੋਵੇਗਾ।ਜੇਕਰ ਮੰਗਾ ਦਾ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਮਜ਼ਦੂਰ ਆਗੂ ਮੁਕੇਸ਼ ਮਲੌਦ ਦੀ ਗਿਰਫਤਾਰੀ ਖਿਲਾਫ ਜਥੇਬੰਦੀਆਂ ਦੇ ਵਫਦ ਨੇ ਐਸਐਸਪੀ ਨੂੰ ਮਿਲ ਕੇ ਪ੍ਰਗਟਾਇਆ ਰੋਸ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 313 ਦਸੰਬਰ
INTERNATIONAL PAPER, 9463601616
hardipchumber57@gmail.com





ਸੰਗਰੂਰ,30 ਦਸੰਬਰ (ਜਗਸੀਰ ਸਿੰਘ)- ਅੱਜ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਜਦੋਂ ਮਹਾਰਾਸ਼ਟਰ ਵਿੱਚ ਇੱਕ ਪ੍ਰੋਗਰਾਮ ਵਿੱਚ ਸਮੂਲੀਅਤ ਕਰਕੇ ਵਾਪਸ ਪੰਜਾਬ ਆ ਰਹੇ ਸਨ ਤਾਂ ਦਿੱਲੀ ਰੇਲਵੇ ਸਟੇਸ਼ਨ ਤੋਂ ਸੰਗਰੂਰ ਪੁਲਿਸ ਵੱਲੋਂ ਉਹਨਾਂ ਨੂੰ ਗਿਰਫਤਾਰ ਕਰ ਲਿਆ ਗਿਆ ਜਿਸ ਦੇ ਰੋਸ ਵਜੋਂ ਅੱਜ ਵੱਖ-ਵੱਖ ਜਨਤਕ ਜਮਹੂਰੀ ਜਥੇਬੰਦੀਆਂ ਦੇ ਇਕ ਵੱਡੇ ਵਫਦ ਨੇ ਐਸਐਸਪੀ ਸੰਗਰੂਰ ਨੂੰ ਮਿਲ ਕੇ ਇਸ ਗਿਰਫਤਾਰੀ ਖ਼ਿਲਾਫ਼ ਰੋਸ ਪ੍ਰਗਟ ਕੀਤਾ ਤੇ ਮਜਦੂਰ ਆਗੂ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ। ਉਸਤੋਂ ਬਾਅਦ ਐਸ ਐਸ ਪੀ ਦਫ਼ਤਰ ਤੋਂ ਜਿਲਾ ਪ੍ਰਬੰਧਕੀ ਕੰਪਲੈਕਸ ਤੱਕ ਪੰਜਾਬ ਸਰਕਾਰ ਅਤੇ ਸੰਗਰੂਰ ਦੇ ਪੁਲਸ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਰੋਸ਼ ਮਾਰਚ ਕੀਤਾ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ,ਭੁਪਿੰਦਰ ਸਿੰਘ ਲੌਂਗੋਵਾਲ,ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੇਨਲ ਸਕੱਤਰ ਗੁਰਵਿੰਦਰ ਸਿੰਘ ਬੌੜਾਂ ਨੇ ਦੱਸਿਆ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਪੰਜਾਬ ਪੁਲਿਸ ਦੀ ਸਪੈਸ਼ਲ ਸਕਿਉਰਿਟੀ ਬਰਾਂਚ ਵੱਲੋਂ ਨਿਜ਼ਾਮੁਦੀਨ ਰੇਲਵੇ ਸਟੇਸ਼ਨ ਦਿੱਲੀ ਤੋਂ ਅੱਜ ਸਵੇਰੇ ਗ੍ਰਿਫਤਾਰ ਕਰ ਲਿਆ ਗਿਆ ਹੈ। ਜਿਸ ਦੀ ਵੱਖ-ਵੱਖ ਜਥੇਬੰਦੀਆਂ ਨੇ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਇੱਕ ਪਾਸੇ ਨਰੇਗਾ ਦੇ ਮਸਲੇ ਨੂੰ ਲੈ ਕੇ ਵਿਸ਼ੇਸ਼ ਇਜਲਾਸ ਕਰਕੇ ਮਜ਼ਦੂਰਾਂ ਦੇ ਪੱਖੀ ਹੋਣ ਦਾ ਡਰਾਮਾ ਕਰ ਰਹੀ ਹੈ ਅਤੇ ਮਗਰਮੱਛੀ ਹੰਝੂ ਵਹਾ ਰਹੀ ਹੈ ਅਤੇ ਦੂਸਰੇ ਪਾਸੇ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਆਗੂਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਸੁੱਟ ਰਹੀ ਹੈ। ਇਸ ਤੋਂ ਪੰਜਾਬ ਸਰਕਾਰ ਦਾ ਦਲਿਤ ਅਤੇ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਹੋ ਰਿਹਾ ਹੈ। ਉਹਨਾਂ ਦੱਸਿਆ ਕਿ ਜੇਕਰ ਮੁਕੇਸ਼ ਮਲੌਦ ਨੂੰ ਤੁਰੰਤ ਰਿਹਾਅ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਜਥੇਬੰਦੀਆਂ ਵੱਲੋਂ ਜੋਰਦਾਰ ਸੰਘਰਸ਼ ਕੀਤਾ ਜਾਵੇਗਾ ।ਇਸ ਵਫ਼ਦ ਵਿੱਚ ਬੀਕੇਯੂ ਰਾਜੇਵਾਲ ਦੇ ਬਲਾਕ ਪ੍ਰਧਾਨ ਮਨਜਿੰਦਰ ਸਿੰਘ ਘਾਬਦਾਂ,ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਲਖਬੀਰ ਸਿੰਘ ਲੌਂਗੋਵਾਲ,ਡੈਮੋਕਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਅਤੇ ਮੇਘਰਾਜ, ਬੀਕੇਯੂ ਏਕਤਾ ਉਗਰਾਹਾਂ ਦੇ ਬਲਾਕ ਆਗੂ ਕਰਮਜੀਤ ਸਿੰਘ,ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਆਗੂ ਹਰਮੇਲ ਸਿੰਘ ਮਹਿਰੋਕ,ਇਸਤਰੀ ਜਾਗ੍ਰਤੀ ਮੰਚ ਤੋਂ ਅਮਨ ਦਿਓਲ,ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਸੁਖਦੀਪ ਹਥਨ ਅਤੇ ਜ਼ਿਲ੍ਹਾ ਪ੍ਰਧਾਨ ਰਾਮਵੀਰ ਸਿੰਘ, ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਆਗੂ ਜੁਗਰਾਜ ਸਿੰਘ ਟੱਲੇਵਾਲ,ਬਹਾਲ ਸਿੰਘ ਬੇਨੜਾ,ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਨਵਜੀਤ ਸਿੰਘ,ਨੌਜਵਾਨ ਭਾਰਤ ਸਭਾ ਦੇ ਆਗੂ ਅੰਮ੍ਰਿਤ ਸਿੰਘ ਗੋਸਲਾ,ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਸੁਖਦੇਵ ਸਿੰਘ ਬਰਨਾਲਾ,ਕਿਸਾਨ ਆਗੂ ਦਰਸ਼ਨ ਸਿੰਘ ਕੁੰਨਰਾਂ,ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਆਗੂ ਮਾਸਟਰ ਬਲਵੀਰ ਚੰਦ ਲੌਂਗੋਵਾਲ,ਤਰਕਸ਼ੀਲ ਸੋਸਾਇਟੀ ਪੰਜਾਬ ਦੇ ਆਗੂ ਜੁਝਾਰ ਸਿੰਘ ਲੌਂ ਗੋ ਵਾ ਲ , ਜ ਮ ਹੂ ਰੀ ਅਧਿਕਾਰ ਸਭਾ ਦੇ ਜ਼ਿਲਾ ਸਕੱਤਰ ਕੁਲਦੀਪ ਸਿੰਘ,ਸਹਾਇਕ ਸਕੱਤਰ ਬਸੇਸਰ ਰਾਮ, ਮਜ਼ਦੂਰ ਆਗੂ ਜਸਵੀਰ ਕੌਰ ਹੇਡੀਕੇ,ਗੁਰਚਰਨ ਸਿੰਘ ਘਰਾਚੋਂ,ਗੁਰਦਾਸ ਸਿੰਘ ਜਲੂਰ ਅਤੇ ਚਰਨਾ ਸਿੰਘ ਬਾਲਦ ਹਾਜ਼ਰ ਸਨ।

"Equality and justice"
Patiala 313 December
INTERNATIONAL PAPER, 94636 01616
hardipchumber57@gmail.com

# "ਡਰ ਦੀ ਮੰਡੀ: ਜਦੋਂ ਸੰਕਟ ਪੂੰਜੀਪਤੀਆਂ ਲਈ ਮੌਕਾ ਬਣ ਜਾਂਦਾ ਹੈ"

ਲਾਡੀ ਜਗਤਾਰ ਮਾਨਸਾ
9463603091

ਭਾਰਤ ਵਿੱਚ ਆਮ ਤੌਰ 'ਤੇ ਆਮ ਲੋਕਾਂ ਦੇ ਜੀਵਨ ਅਤੇ ਕਮਾਈ ਉੱਤੇ ਪ੍ਰਭਾਵ ਪਾਉਣ ਵਾਲੀਆਂ ਘਟਨਾਵਾਂ ਅਤੇ ਵੱਡੇ ਕਾਰੋਬਾਰੀ ਗਰੁੱਪਾਂ ਦੇ ਮੋਨੋਪੋਲੀ ਮੁਨਾਫ਼ੇ ਹਮੇਸ਼ਾ ਇੱਕ ਵੱਡਾ ਵਿਵਾਦ ਰਹੇ ਹਨ। ਇਹ ਵਿਵਾਦ ਸਿਰਫ਼ ਆਰਥਿਕ ਪੱਖ ਤੋਂ ਹੀ ਨਹੀਂ, ਬਲਕਿ ਸਿਹਤ, ਸੁਰੱਖਿਆ ਅਤੇ ਲੋਕਾਂ ਦੀ ਆਮ ਜ਼ਿੰਦਗੀ 'ਤੇ ਵੀ ਪ੍ਰਭਾਵ ਪਾਉਂਦੇ ਹਨ। ਇਸ ਲੇਖ ਵਿੱਚ ਆਪਾਂ ਕੁਝ ਪ੍ਰਸਿੱਧ ਘਟਨਾਵਾਂ ਦੀ ਪੜਚੋਲ ਕਰਾਂਗੇ, ਜੋ ਸਾਫ਼ ਤੌਰ 'ਤੇ ਦਿਖਾਉਂਦੀਆਂ ਹਨ ਕਿ ਮੁਨਾਫ਼ਾ ਉੱਪਰ, ਲੁੱਟ ਹੇਠਾਂ ਵਾਲੀ ਨੀਤੀ ਕਿਵੇਂ ਚਲਾਈ ਜਾਂਦੀ ਹੈ।

ਪਿੱਛੇ ਜਿਹੇ ਵਾਪਰੇ ਇੰਡਿਗੋ ਕਾਂਡ ਹਵਾਈ ਯਾਤਰਾ ਖੇਤਰ ਵਿੱਚ ਪਾਇਲਟ ਘਾਟ ਦੇ ਮੁੱਦੇ ਨੇ ਭਾਰਤ ਦੀ ਕਾਫੀ ਕਿਰਕਿਰੀ ਕਰਵਾ ਦਿੱਤੀ। ਨਵੰਬਰ 2025 ਵਿੱਚ, DGCA ਡਾਇਰੈਕਟਰ ਜਨਰਲ ਸਿਵਲ ਐਵੀਏਸਨ ਨੇ ਨਵੇਂ FDTL ਫਲਾਈਟ ਡਿਊਟੀ ਟਾਇਮ ਲਿਮੀਟੇਸ਼ਨ ਨਿਯਮ ਲਾਗੂ ਕੀਤੇ। ਨਿਯਮਾਂ ਵਿੱਚ ਨਾਈਟ ਡਿਊਟੀ ਘੱਟ ਅਤੇ ਹਫ਼ਤਾਵਾਰੀ ਆਰਾਮ ਵਧਾਇਆ ਗਿਆ ਸੀ। ਇਹ ਤਬਦੀਲੀ ਇੰਡੀਗੋ ਅਤੇ ਹੋਰ ਏਅਰਲਾਈਨਾਂ ਲਈ ਪਾਇਲਟ ਉਪਲਬਧਤਾ ਵਿੱਚ ਰੁਕਾਵਟ ਬਣ ਗਈ। ਨਤੀਜਾ ਇਹ ਹੋਇਆ ਕਿ 4 ਅਤੇ 5 ਦਸੰਬਰ ਨੂੰ ਹਵਾਈ ਅੱਡਿਆਂ 'ਤੇ ਹਜ਼ਾਰਾਂ ਯਾਤਰੀ ਪਰੇਸ਼ਾਨ ਹੋਏ।

ਪਰ ਇਸ ਦਾ ਦੂਸਰਾ ਫਾਇਦਾ ਅਡਾਨੀ ਸਮੂਹ ਲੈ ਗਿਆ। ਇਸ ਦੌਰਾਨ, ਅਡਾਨੀ ਨੇ FSTC (ਫਲਾਈਟ ਸਿਮੂਲੇਸਨ ਤਕਨੀਕ ਸੈਂਟਰ) ਜੋ ਪਾਇਲਟ ਟ੍ਰੇਨਿੰਗ ਨਾਲ ਸੰਬੰਧਿਤ ਹੈ ਦਾ 73% ਹਿੱਸਾ ਲਗਭਗ ₹820 ਕਰੋੜ ਵਿੱਚ ਖਰੀਦ ਲਿਆ। ਇਸ ਖਰੀਦਦਾਰੀ ਦਾ ਸਮਾਂ ਬਹੁਤ ਮਹੱਤਵਪੂਰਨ ਸੀ। ਪਹਿਲਾਂ DGCA ਡਾਇਰੈਕਟਰ ਜਨਰਲ ਸਿਵਲ ਐਵੀਏਸਨ ਦੇ ਨਿਯਮ ਬਦਲੇ, ਫਿਰ ਸੰਕਟ ਪੈਦਾ ਹੋਇਆ ਜਾ ਕੀਤਾ ਗਿਆ ਅਤੇ ਉਸੇ ਸੰਕਟ ਵਿੱਚ ਅਡਾਨੀ ਨੇ ਹਵਾਈ ਟਰੇਨਿੰਗ ਕੰਪਨੀ ਖਰੀਦ ਲਈ। ਇਹ ਸਮਾਂ ਅਤੇ ਕਾਰਵਾਈ ਦਿਖਾਉਂਦੇ ਹਨ ਕਿ ਨਿਯਮ ਅਤੇ ਸੰਕਟ ਦਾ ਫਾਇਦਾ ਪੂੰਜੀਪਤੀਆਂ ਉੱਪਰ ਹੁੰਦਾ ਹੈ, ਜਦਕਿ ਆਮ ਯਾਤਰੀ ਪਰੇਸ਼ਾਨ ਰਹਿੰਦਾ ਹੈ। ਇਸ ਦਾ ਪੂੰਜੀਪਤੀ ਲਾਹਾ ਲੈ ਗਏ।

ਕਈ ਸਾਲ ਪਹਿਲਾਂ ਮੈਗੀ ਕਾਂਡ ਵਾਪਰਿਆ ਸਿਹਤ ਅਤੇ ਮਾਰਕੀਟਿੰਗ ਦਾ ਟਕਰਾਅ ਦਾ ਨਵਾਂ ਸਟੰਟ ਰਚਿਆ ਗਿਆ।2000 ਦੇ ਆਸਪਾਸ, ਮੈਗੀ ਨੂਡਲਜ਼ ਨੇ ਭਾਰਤ ਵਿੱਚ ਆਪਣੀ ਮਾਰਕੀਟ ਬਹੁਤ ਤੇਜ਼ੀ ਨਾਲ ਬਣਾਈ। ਪਰ 2015 ਵਿੱਚ, ਨੈਸਲੇ ਦੀ ਮੈਗੀ ਨੂੰ ਖਤਰਨਾਕ ਤੱਤਾਂ ਦੇ ਸ਼ਾਮਲ ਹੋਣ ਦੇ ਦੋਸ਼ਾਂ ਵਿੱਚ ਬਦਲ ਦਿੱਤਾ ਗਿਆ। ਦੇਸ਼ ਭਰ ਵਿੱਚ ਮੀਡੀਆ ਨੇ ਇਹ ਦਿਖਾਇਆ ਕਿ ਮੈਗੀ ਵਿੱਚ ਸਿਹਤ ਲਈ ਖਤਰਾ ਹੈ। ਦੇਸ਼ ਵਿਚ ਪੂਰਾ ਮਹੌਲ ਬਣਾ ਦਿੱਤਾ ਗਿਆ। ਬਸ ਮੈਗੀ ਤੁਹਾਡੇ ਲਈ ਖਤਰਨਾਕ ਹੈ।ਲੋਕਾਂ ਨੇ ਮੈਗੀ ਖਾਣਾ ਛੱਡ ਦਿੱਤਾ, ਜਿਸ ਨਾਲ ਨੈਸਲੇ ਦੇ ਉਤਪਾਦ ਵਿਕਰੀ 'ਤੇ ਸੱਟ ਲੱਗੀ। ਇਸ ਸਮੇਂ ਰਾਮਦੇਵ ਦੀ ਮੈਗੀ ਨੂੰ ਮਾਰਕੀਟ ਵਿੱਚ ਦਾਖਲ ਕਰ ਦਿੱਤਾ ਗਿਆ। ਨੈਸਲੇ ਨੂੰ ਕਾਫੀ ਨੁਕਸਾਨ ਹੋਇਆ।ਬਾਬੇ ਨੇ ਇਸ ਦਾ ਲਾਹਾ ਲੈ ਲਿਆ । ਇਸ ਦੇ ਬਾਵਜੂਦ, ਨੈਸਲੇ ਨੇ ਮਾਰਕੀਟਿੰਗ ਅਤੇ ਜੁਝਾਰੂ ਪਦਾਰਥਾਂ ਨਾਲ ਮੁੜ ਵਾਪਸੀ ਕੀਤੀ, ਅਤੇ ਮੈਗੀ ਦੀ ਵਿਕਰੀ ਨੂੰ ਫਿਰ ਤੋਂ ਚੜ੍ਹਾਅ ਮਿਲਿਆ। ਪਰ ਉਸ ਨੂੰ ਨੁਕਸਾਨ ਪਹੁੰਚਾਇਆ ਗਿਆ ਤੇ ਨਵੇਂ ਵਪਾਰੀ ਨੂੰ ਫਾਇਦਾ ਦਿੱਤਾ ਗਿਆ।

ਇਸ ਘਟਨਾ ਨੇ ਦਿਖਾਇਆ ਕਿ ਜਨਤਾ ਸੰਕਟ ਵਿੱਚ ਪੈਂਦੀ ਹੈ, ਪਰ ਮੁਨਾਫ਼ਾ ਵੱਡੇ ਕੰਪਨੀਆਂ ਉੱਪਰ ਬਣਦਾ ਹੈ।

ਕੋਲਾ ਕਾਂਡ ਵੀ ਹੋਰ ਘਟਨਾ ਹੈ ਜਿਸ ਓਵਰ ਇਨਵੁਆਇਸਿੰਗ ਅਤੇ ਬਿਜਲੀ ਬਿੱਲ ਜਨਵਰੀ 2019 ਤੋਂ ਅਗਸਤ 2021 ਤੱਕ ਅਡਾਨੀ ਗਰੁੱਪ 'ਤੇ ਆਯਾਤ ਕੋਲੇ ਅਸਟ੍ਰੇਲੀਆ ਇੰਡੋਨੇਸ਼ੀਆ ਦੇ ਭਾਅ ਨੂੰ ਮਾਰਕੀਟ ਰੇਟ ਤੋਂ ਵੱਧ ਦਿਖਾਉਣ ਦਾ ਦੋਸ਼ ਲੱਗਿਆ। ਇਹ ਓਵਰ ਇਨਵੁਆਇਸਿੰਗ ਕਹਾਉਂਦਾ ਹੈ ।

ਇਸ ਦੌਰਾਨ ਦੇਸ਼ ਵਿੱਚ ਕੋਲੇ ਦੀ ਕਮੀ ਅਤੇ ਬਿਜਲੀ ਸੰਕਟ ਦੀ ਰਿਪੋਰਟਿੰਗ ਹੋਈ।ਦੋਸ਼ ਸੀ ਕਿ ਇਸ ਨਾਲ ਬਿਜਲੀ ਬਿੱਲ ਆਮ ਲੋਕਾਂ ਲਈ ਮਹਿੰਗਾ ਹੋ ਗਿਆ।

ਅਡਾਨੀ ਨੇ ਬਿਆਨ ਕੀਤਾ ਕਿ ਇਹ ਸਾਰੇ ਕੰਟਰੈਕਟ ਅਤੇ ਸਰਟੀਫਿਕੇਸ਼ਨ ਦੇ ਅਧੀਨ ਸੀ, ਪਰ ਮੀਡੀਆ ਅਤੇ ਲੋਕਾਂ ਵਿੱਚ ਇਹ ਪੈਟਰਨ "ਮੁਨਾਫ਼ਾ ਉੱਪਰ, ਲੁੱਟ ਹੇਠਾਂ" ਦੇ ਤੌਰ 'ਤੇ ਵੇਖਿਆ ਗਿਆ।

ਇਹ ਘਟਨਾ ਦਿਖਾਉਂਦੀ ਹੈ ਕਿ ਉਰਜਾ ਖੇਤਰ ਵਿੱਚ ਵੀ ਪੂੰਜੀਪਤੀਆਂ ਦਾ ਫਾਇਦਾ ਆਮ ਲੋਕਾਂ ਦੀ ਲੁੱਟ 'ਤੇ ਹੋ ਸਕਦਾ ਹੈ।

ਤੇਲ ਦਾ ਬਾਜ਼ਾਰ ਦੀ ਗੱਲ ਕਰੀਏ ਤਾਂ ਫਾਰਚੂਨ ਤੇਲ ਕਾਂਡ ਵਾਪਰਿਆ।

1999–2000 ਦੇ ਆਸਪਾਸ, ਫਾਰਚੂਨ ਤੇਲ ਨੇ ਭਾਰਤ ਵਿੱਚ ਆਪਣਾ ਉਤਪਾਦ ਰੀਫਾਈਂਡ ਤੇਲ ਤੌਰ 'ਤੇ ਲਾਂਚ ਕੀਤਾ। ਓਸੇ ਸਮੇਂ ਮੀਡੀਆ ਵਿੱਚ ਸਰੋਂ ਦੇ ਤੇਲ ਦੀ ਮਿਲਾਵਟ ਅਤੇ ਸਿਹਤ ਲਈ ਖ਼ਤਰਾ ਦਿਖਾਇਆ ਗਿਆ।

ਲੋਕ ਸਰੋਂ ਤੇਲ ਛੱਡਕੇ ਰੀਫਾਈਂਡ ਤੇਲ ਵੱਲ ਗਏ। ਫਾਰਚੂਨ ਤੇਲ ਦੀ ਵਿਕਰੀ ਤੇਜ਼ੀ ਨਾਲ ਵਧੀ।ਇਸ ਦੌਰਾਨ ਕਿਸਾਨ ਅਤੇ ਆਮ ਲੋਕ, ਜੋ ਸਰੋਂ ਤੇਲ ਉਤਪਾਦਨ ਵਿੱਚ ਸੀ, ਪੀਸੇ ਗਏ। ਇਸ ਤੋਂ ਸਿੱਖਣ ਵਾਲੀ ਗੱਲ ਇਹ ਹੈ ਕਿ ਮਾਰਕੀਟਿੰਗ ਅਤੇ ਦੋਸ਼ ਦਾ ਫਾਇਦਾ ਮੁਨਾਫ਼ੇ ਵਾਲੇ ਉੱਪਰ ਹੁੰਦਾ ਹੈ, ਜਦ ਕਿ ਲੋਕ ਅਤੇ ਕਿਸਾਨ ਹੇਠਾਂ ਪੀਸੇ ਜਾਂਦੇ ਹਨ।

ਹੋਰ ਵੀ ਕਈ ਘਟਨਾਵਾਂ ਵਾਪਰੀਆਂ ਹਨ। ਟੈਲੀਕਾਮ ਖੇਤਰ ਵਿਚ ਰਿਲਾਇੰਸ ਜੀਓ ਦੀ ਦਾਖਲ ਨਾਲ ਆਮ ਫੀਸਾਂ ਬਹੁਤ ਘੱਟ ਹੋਈਆਂ, ਪਰ ਬਾਅਦ ਵਿੱਚ ਟੈਲੀਕਾਮ ਮਾਰਕੀਟ ਵਿੱਚ ਮੁਨਾਫ਼ੇ ਉੱਪਰ ਗਏ।

ਟੈਲੀਕਾਮ ਕ੍ਰਾਂਤੀ ਦੀ ਗੱਲ ਕਰੀਏ ਕੀਮਤਾਂ ਘੱਟ ਕੀਤੀਆਂ ਗਈਆਂ, ਮੁਕਾਬਲਾ ਖਤਮ ਹੋ ਗਿਆ 2016 ਵਿੱਚ ਜਦੋਂ ਇੱਕ ਨਵੀਂ ਟੈਲੀਕਾਮ ਕੰਪਨੀ ਨੇ ਜ਼ੀਰੋ ਕੀਮਤ ਵਾਲੇ ਪਲਾਨ ਲਾਗੂ ਕੀਤੇ, ਤਦੋਂ

ਏਅਰਸੈਲ ਬੰਦ,ਟਾਟਾ ਦੂਰਸੰਚਾਰ ਬੰਦ ਵੀਡੀਓਕਾਨ ਟੇ ਲੀਕਾਮ ਬੰਦ,,ਬੀ ਐਸ ਐੱਨ ਐੱਲ ਬਹੁਤ ਕਮਜ਼ੋਰ ਹੋਏ

ਵੋਡਾਫੋਨ–ਆਈਡੀਆ ਡੁੱਬਣ ਦੇ ਕਿਨਾਰੇ ਹੋ ਗਏ।ਅੱਜ ਟੈਲੀਕਾਮ ਬਾਜ਼ਾਰ ਵਿੱਚ ਸਿਰਫ਼ 2–3 ਮੁੱਖ ਖਿਡਾਰੀ ਬਚੇ ਹਨ। ਉਹ ਮਰਜ਼ੀ ਦੇ ਰੇਟ ਲੈ ਰਹੇ ਹਨ।

## ਬਹੁਤ ਸਾਰੇ ਅਰਥਸ਼ਾਸਤਰੀ ਕਹਿੰਦੇ ਹਨ:

"ਭਾਰਤ ਵਿੱਚ ਟੈਲੀਕਾਮ ਖੇਤਰ ਨੂੰ ਦੁਆਰਾ ਆਪਣੇ ਹੱਕ ਵਿਚ ਕਰਨ ਲਈ ਸੰਕਟ ਅਤੇ ਡਰ ਦੀ ਰਾਜਨੀਤੀ ਵਰਤੀ ਗਈ।"

ਦਵਾਈਆਂ ਦਾ ਸੰਕਟ ਵੀ ਪੈਦਾ ਕੀਤਾ ਜਾਂਦਾ ਹੈ।ਜਨਤਕ ਡਰ, ਨਵੀਆਂ ਕੰਪਨੀਆਂ ਦੁਆਰਾ ਕਈ ਵਾਰ ਅਚਾਨਕ ਇਹ ਕਹਾਣੀਆਂ ਚਲਾਈਆਂ ਗਈਆਂ ਕਿ:

ਇਹ ਸਿਰਪ ਅਸੁੱਖਿਅਤ ਹੈ।ਇਹ ਐਂਟੀਬਾਇਓਟਿਕ ਖ਼ਤਰਨਾਕ ਹੈ

ਇਹ ਬਾਲ ਉਤਪਾਦ ਹਾਨੀ ਪਹੁੰਚਾਉਣ ਵਾਲਾ ਹੈ।ਜਦੋਂ ਮਾਰਕੀਟ ਵਿੱਚ ਡਰ ਦਾ ਮਾਹੌਲ ਬਣਦਾ ਹੈ, ਨਵੀਆਂ ਕੰਪਨੀਆਂ "ਸੇਫ਼", "ਹਰਬਲ", "ਆਯੁਰਵੇਦਿਕ" ,"ਆਰਗੈਨਿਕ"ਨਾਵਾਂ ਦੇ ਨਾਲ ਦਾਖਲਾ ਲੈਂਦੀਆਂ ਹਨ।

ਇਹ ਬਾਜ਼ਾਰ 1.5 ਲੱਖ ਕਰੋੜ ਦਾ ਹੈ—ਤੇ ਇਸ ਵਿੱਚ ਡਰ ਦਾ ਪ੍ਰਭਾਵ ਸਿੱਧਾ ਵਿਕਰੀ ਨੂੰ ਬਦਲਦਾ ਹੈ।

ਰਿਲਾਇੰਸ ਰਿਟੇਲ, ਜਿਓਮਾਰਟ ਅਤੇ ਕਰਿਆਨਾ ਬਾਜ਼ਾਰ ਦਾ ਬਦਲਾਅ ਵੀ ਇੰਝ ਹੀ ਕੀਤਾ ਗਿਆ।2018–2022 ਵਿੱਚ ਇੱਕ ਨਵਾਂ ਸੰਕਟ ਉਭਰਿਆ ਹੈ।

"ਛੋਟੇ ਦੁਕਾਨਦਾਰ ਡਿਜ਼ੀਟਲ ਯੁੱਗ ਵਿੱਚ ਪਿੱਛੜ ਗਏ ਹਨ। ਇਸ ਡਰ ਨੇ: ਜਿਓਮਾਰਟ ਟਾਟਾ ਨਿਊ , ਐਮਾਜ਼ੋਨ ਨੂੰ ਬੇਅੰਤ ਤਕੜਾ ਕੀਤਾ।

ਛੋਟੇ ਕਰਿਆਣਾ ਸਟੋਰਾਂ ਨੂੰ ਕਲਾਉਡ ਡਿਪੈਂਡੈਂਸ (ਤਕਨੀਕੀ ਉਦਮ ਦੀ ਕਮੀਂ)ਵਿੱਚ ਧੱਕ ਦਿੱਤਾ ਹੈ ।ਵੱਡੀਆਂ ਕੰਪਨੀਆਂ ਨੇ ਸਪਲਾਈ ਚੇਨ ਕਾਬੂ ਕਰ ਲਈ। ਜਦੋਂ ਡਰ ਬਣ ਜਾਵੇ ਕਿ "ਭਵਿੱਖ ਵਿੱਚ ਸਿਰਫ਼ ਡਿਜ਼ਿਟਲ ਚੱਲੇਗਾ"ਜਾ ਕਹਿ ਲਈਏ ਆਪ ਲਾਇਨ ਬਜ਼ਾਰ ਚੱਲੇਗਾ,ਤਦੋਂ ਵੱਡੀਆਂ ਕੰਪਨੀਆਂ ਲਈ ਬਾਜ਼ਾਰ ਆਪਣੇ ਆਪ ਖੁੱਲ ਜਾਂਦਾ ਹੈ।

ਨੋਟਬੰਦੀ ਜਾ ਕੈਸ਼ਲੇਸ ਇੰਡੀਆ ਦਾ ਸੁਪਨਾ, ਮੁਦਰਾ ਬਾਜ਼ਾਰ ਦੀ ਹਿਲਜੁਲ

ਨੋਟਬੰਦੀ ਨੇ ਦੇਸ਼ ਨੂੰ ਸਦਮੇ ਵਿੱਚ ਪਾ ਦਿੱਤਾ।ਡਰ ਅਤੇ ਗ਼ੈਰ-ਯਕੀਨੀ ਹਾਲਾਤ ਵਿੱਚ ਡਿਜ਼ਿਟਲ ਪੇਮੈਂਟ ਕੰਪਨੀਆਂ ਨੂੰ ਭਾਰੀ ਲਾਭ ਹੋਇਆ ਕੈਸ਼ ਆਧਾਰਿਤ ਛੋਟੇ ਕਾਰੋਬਾਰਾਂ ਨੂੰ ਵੱਡਾ ਨੁਕਸਾਨ

ਵੱਡੀਆਂ ਚੇਨ ਕੰਪਨੀਆਂ ਨੇ ਆਨਲਾਈਨ ਸਿਸਟਮਾਂ ਵਿੱਚ ਆਸਾਨੀ ਨਾਲ ਸ਼ਿਫਟ ਕਰ ਲਿਆ।ਹਜ਼ਾਰਾਂ ਛੋਟੇ ਵਪਾਰੀ ਬਾਜ਼ਾਰ ਵਿੱਚ ਆਪਣਾ ਹਿੱਸਾ ਖੋ ਬੈਠੇ ਉਹ ਨਿੱਕੀਆਂ ਦੁਕਾਨਾਂ ਤੇ ਗਾਹਕ ਲੱਭ ਰਹੇ ਹਨ। ਡਰ ਦਾ ਮਾਹੌਲ — ਬਾਜ਼ਾਰ ਦੀ ਸਭ ਤੋਂ ਵੱਡੀ ਤਾਕਤ। ਜੀ ਐੱਸ ਟੀ ਨਾਲ ਛੋਟੇ ਉਤਪਾਦਕ ਹਾਸੀਏ 'ਤੇ, ਵੱਡੇ ਫਾਇਦੇ ਵਿੱਚ ਹੋ ਗਏ।ਜੀ ਐੱਸ ਟੀ ਨੇ ਕਰ ਪ੍ਰਣਾਲੀ ਨੂੰ ਇੱਕ ਕੀਤਾ, ਪਰ ਇਹ ਵੀ ਸੱਚ ਹੈ ਕਿ:ਛੋਟੇ ਮੈਨੂਫੈਕਚਰ ਇਸ ਦੇ ਬੋਝ ਹੇਠ ਦਬ ਗਏ।ਵੱਡੀਆਂ ਕੰਪਨੀਆਂ ਇਸ ਟੈਕਸ ਸਿਸਟਮ ਵਿੱਚ ਤੇਜ਼ੀ ਨਾਲ ਢਲ ਗਈਆਂ

ਇਹ ਬਦਲਿਆ ਹੋਇਆ ਬਾਜ਼ਾਰ ਵੱਡੇ ਵਰਗ ਨਵੇਂ ਗਰੁੱਪਾਂ ਲਈ ਲਾਭਕਾਰੀ ਬਣਿਆ। ਇਸ ਤਰ੍ਹਾਂ

"ਨੀਤੀ ਬਦਲੀ" — "ਬਾਜ਼ਾਰ ਬਦਲਿਆ" — "ਸਮੂਹ ਬਦਲੇ "



ਸ਼ੇਅਰ, ਸੇਬੀ ਅਤੇ ਸਟਾਕ ਮਾਰਕੀਟ ਜਦ ਡਰ ਫੈਲਦਾ ਹੈ,ਤਾਂ ਵੱਡੇ ਖਿਡਾਰੀ ਸ਼ੇਅਰ ਖਰੀਦ ਲੈਂਦੇ ਹਨ 2020–2023 ਦੇ ਦੌਰਾਨ ਕਈ ਵਾਰ ਇਹ ਵਾਪਰਿਆ:

ਕਿਸੇ ਖਾਸ ਸੈਕਟਰ 'ਚ ਕ੍ਰੈਸ਼,ਹਰ ਕੋਈ ਸ਼ੇਅਰ ਵੇਚਣ ਲੱਗਦਾ,ਆਮ ਨਿਵੇਸ਼ਕ ਡਰ ਹੇਠ ਘਬਰਾਹਟ ਦੀ ਹਾਲਤ ਵਿੱਚ ਨੁਕਸਾਨ ਕਰਦੇ ਹਨ। ਵੱਡੇ ਗਰੁੱਪ ਉਸੇ ਸਮੇਂ ਖਰੀਦਦਾਰੀ ਕਰਦੇ ਹਨ।

ਇਹ "ਡਰ ਦਾ ਫਾਇਦਾ" ਅਰਥਸ਼ਾਸਤਰ ਦੀ ਜਾਣੀ-ਮਾਣੀ ਖੇਡ ਹੈ।ਇਹ ਦਿਖਾਉਂਦਾ ਹੈ ਕਿ ਵੱਡੇ ਖੇਤਰ ਵਿੱਚ ਪੂੰਜੀਪਤੀਆਂ ਦਾ ਲਾਭ ਹਮੇਸ਼ਾ ਉੱਪਰ ਹੁੰਦਾ ਹੈ, ਜਦਕਿ ਛੋਟੇ ਉਪਭੋਗਤਾ, ਕਿਸਾਨ ਅਤੇ ਆਮ ਲੋਕ ਹੇਠਾਂ ਰਗੜੇ ਜਾਂਦੇ ਹਨ।

ਨਤੀਜੇ ਦੀ ਗੱਲ ਕਰੀਏ ਤਾਂ ਪੂੰਜੀਪਤੀਆਂ ਦੇ ਮੁਨਾਫ਼ੇ ਅਤੇ ਆਮ ਲੋਕਾਂ ਦੇ ਦੁੱਖ

ਸਾਰੇ ਕੇਸਾਂ ਵਿੱਚ ਇੱਕ ਪੈਟਰਨ ਦਿੱਖਦਾ ਹੈ: ਕਿ ਪਹਿਲਾਂ ਕਿਸੇ ਖੇਤਰ ਵਿੱਚ ਸੰਕਟ ਜਾ ਵਿਰੋਧਾਭਾਸ ਨੂੰ ਉਤਪੰਨ ਕੀਤਾ ਜਾਂਦਾ ਹੈ। ਮੀਡੀਆ ਅਤੇ ਰਿਪੋਰਟਾਂ ਦੁਆਰਾ ਲੋਕਾਂ ਨੂੰ ਜਾਣੂ ਕਰਵਾਇਆ ਜਾਂਦਾ ਹੈ।ਫਿਰ ਵੱਡੇ ਗਰੁੱਪ / ਪੂੰਜੀਪਤੀ ਇਸ ਸੰਕਟ ਵਿੱਚ ਮੌਕੇ ਲੈਂਦੇ ਹਨ ਅਤੇ ਆਪਣੀ ਨਵੀਂ ਪਾਲਿਸੀ ਲਾਂਚ ਕਰਦੇ ਹਨ।

ਆਮ ਲੋਕ, ਯਾਤਰੀ, ਕਿਸਾਨ ਅਤੇ ਖਪਤਕਾਰ ਹੇਠਾਂ ਪੈਂਦੇ ਹਨ।

ਇਹ ਪੈਟਰਨ ਸਿਰਫ਼ ਉਰਜਾ, ਹਵਾਈ ਯਾਤਰਾ ਤੱਕ ਹੀ ਸੀਮਿਤ ਨਹੀਂ, ਬਲਕਿ ਹਰ ਆਰਥਿਕ ਸਮਾਜਿਕ ਖੇਤਰ ਵਿੱਚ ਦਿਸਦਾ ਹੈ।

ਫਿਰ ਲੋਕ ਕੀ ਕਰਨ ਇਹ ਵੱਡਾ ਸੁਆਲ ਹੈ।ਲੋਕਾਂ ਨੂੰ ਚਾਹੀਦਾ ਹੈ ਕਿ ਜਾਣਕਾਰੀ ਤੱਥਾਂ 'ਤੇ ਅਧਾਰਿਤ ਹੋਵੇ, ਨਾ ਕਿ ਮੀਡੀਆ ਅਤੇ ਦਾਅਵੇ 'ਤੇ। ਰੈਗੂਲੇਟਰੀ ਕਮਿਸ਼ਨ ਅਤੇ ਸਰਕਾਰ ਨੂੰ ਪੂਰਨ ਪਾਰਦਰਸ਼ਤਾ ਨਾਲ ਕੰਮ ਕਰਨਾ ਚਾਹੀਦਾ ਹੈ।

ਖਪਤਕਾਰ ਅਤੇ ਜਨਤਾ ਨੂੰ ਨਿਗਰਾਨੀ / ਫੀਡਬੈਕ ਦੀ ਵਰਤੋਂ ਕਰਨੀ ਚਾਹੀਦੀ ਹੈ।

ਸੰਖੇਪ ਵਿੱਚ ਕਹਿ ਸਕਦੇ ਹਾਂ ਇੰਡਿਗੋ ਕਾਂਡ, ਮੈਗੀ, ਕੋਲਾ ਕਾਂਡ, ਫਾਰਚੂਨ ਤੇਲ ਦੀ ਘਟਨਾ ਅਤੇ ਹੋਰ ਆਰਥਿਕ ਸਮਾਜਿਕ ਖੇਤਰਾਂ ਦੀਆਂ ਘਟਨਾਵਾਂ ਸਾਫ਼ ਤੌਰ 'ਤੇ ਇਹ ਦਰਸਾਉਂਦੀਆਂ ਹਨ ਕਿ:

ਪੂੰਜੀਪਤੀਆਂ ਦਾ ਮੁਨਾਫ਼ਾ ਉੱਪਰ ਤੇ ਆਮ ਲੋਕਾਂ ਦੀ ਲੁੱਟ ਹੇਠਾਂ ਹੁੰਦੀ ਹੈ।

ਸੰਕਟ, ਵਿਰੋਧਾਭਾਸ ਅਤੇ ਮਾਰਕੀਟਿੰਗ ਦਾ ਲਾਭ ਹਮੇਸ਼ਾ ਵੱਡੇ ਕਾਰੋਬਾਰੀ ਅਤੇ ਤਕੜੇ ਗਰੁੱਪਾਂ ਉੱਪਰ ਹੁੰਦਾ ਹੈ।

ਇਸ ਲਈ ਇਹ ਸਮਝਣਾ ਪਵੇਗਾ ਕਿ ਚੱਲ ਕੀ ਰਿਹਾ ਹੈ।ਆਮ ਲੋਕ ਸੰਭਾਵਿਤ ਖਤਰੇ, ਆਰਥਿਕ ,ਸਮਾਜਿਕ ਬਦਲਾਅ ਅਤੇ ਵੱਡੀਆਂ ਕਾਰਪੋਰੇਟ ਸੌਦਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਨ ਅਤੇ ਆਪਣੇ ਹੱਕਾਂ ਲਈ ਚੇਤਨ ਰਹਿਣ।

"Equality and justice"
Patiala 313 December
INTERNATIONAL PAPER, 94636 01616
hardipchumber57@gmail.com

# ਨਵਾਂ ਸਾਲ – ਨਵੀਆਂ ਉਮੀਦਾਂ ਦਾ ਪ੍ਰਤੀਕ" (ਸੰਕਲਪ ਬਣਾਓ, ਸੁਪਨਿਆਂ ਨੂੰ ਨਵੀਂ ਰੌਸ਼ਨੀ ਦਿਓ)

ਪਵਨ ਕੁਮਾਰ ਅੱਤਰੀ
(ਕਪੂਰਥਲਾ)
ਮੋਬਾ8427791277

ਨਵਾਂ ਸਾਲ ਸਾਰੀ ਦੁਨੀਆ ਵਿੱਚ ਇਕ ਜਨਵਰੀ ਨੂੰ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਸਿਰਫ਼ ਤਾਰੀਖ ਦਾ ਬਦਲਾਅ ਨਹੀਂ, ਸਗੋਂ ਤਾਜ਼ਗੀ, ਨਵੀਆਂ ਉਮੀਦਾਂ ਅਤੇ ਨਵੀਂ ਸ਼ੁਰੂਆਤ ਦਾ ਪ੍ਰਤੀਕ ਹੈ। ਲੋਕ ਇਸ ਦਿਨ ਪਿਛਲੇ ਸਾਲ ਦੀਆਂ ਯਾਦਾਂ ਅਤੇ ਕੀਤੇ ਹੋਏ ਕੰਮਾਂ ਬਾਰੇ ਸੋਚਦੇ ਹਨ ਅਤੇ ਆਪਣੇ ਜੀਵਨ ਨੂੰ ਹੋਰ ਸੁਧਾਰਨ ਦਾ ਫੈਸਲਾ ਲੈਂਦੇ ਹਨ। ਨਵਾਂ ਸਾਲ ਸਾਨੂੰ ਇਹ ਸੰਦੇਸ਼ ਦਿੰਦਾ ਹੈ ਕਿ ਹਰ ਦਿਨ ਇੱਕ ਨਵਾਂ ਮੌਕਾ ਲੈ ਕੇ ਆਉਂਦਾ ਹੈ।

ਰਿਵਾਇਤਾਂ ਅਤੇ ਵਿਸ਼ਵਾਸ – ਚੰਗੀ ਸ਼ੁਰੂਆਤ ਦੀ ਪ੍ਰੇਰਣਾ : ਬਹੁਤੇ ਲੋਕ ਮੰਨਦੇ ਹਨ ਕਿ ਨਵੇਂ ਸਾਲ ਦੇ ਪਹਿਲੇ ਦਿਨ ਕੀਤਾ ਗਿਆ ਕੰਮ ਸਾਲ ਭਰ ਅਸਰ ਪਾਂਦਾ ਹੈ। ਉਹ ਕਹਿੰਦੇ ਹਨ ਕਿ ਜੇ ਅਸੀਂ ਪਹਿਲੇ ਦਿਨ ਚੰਗੇ ਕੰਮ ਕਰੀਏ, ਤਾਂ ਸਾਰਾ ਸਾਲ ਸਾਡੇ ਚੰਗੇ ਕੰਮ ਹੀ ਹੋਣਗੇ। ਹਾਲਾਂਕਿ ਇਸ ਦਾ ਕੋਈ ਵਿਗਿਆਨਿਕ ਸਬੂਤ ਨਹੀਂ, ਪਰ ਇਹ ਵਿਸ਼ਵਾਸ ਲੋਕਾਂ ਵਿੱਚ ਉਮੀਦ ਅਤੇ ਸਕਾਰਾਤਮਕ ਸੋਚ ਪੈਦਾ ਕਰਦਾ ਹੈ।

ਭਾਰਤ ਵਿੱਚ ਨਵੇਂ ਸਾਲ ਦੀਆਂ ਵੱਖ-ਵੱਖ ਰਿਵਾਇਤਾਂ : ਭਾਰਤ ਇਕ ਵਿਭਿੰਨਤਾ ਭਰਿਆ ਦੇਸ਼ ਹੈ, ਇਸ ਲਈ ਇੱਥੇ ਨਵਾਂ ਸਾਲ ਕਈ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ:

* ਪੰਜਾਬ ਵਿੱਚ ਵਿਸਾਖੀ – ਨਵਾਂ ਸਾਲ ਅਤੇ ਫਸਲ ਕਟਣ ਦਾ ਤਿਉਹਾਰ।
* ਮਹਾਰਾਸ਼ਟਰ ਵਿੱਚ ਗੁਡੀ ਪੜਵਾ – ਨਵੀਂ ਸਾਲ ਦੀ ਸ਼ੁਰੂਆਤ ਦਾ ਤਿਉਹਾਰ।
* ਦੱਖਣ ਭਾਰਤ ਵਿੱਚ ਉਗਾਦੀ – ਨਵਾਂ ਸਾਲ ਮੰਨਿਆ ਜਾਂਦਾ ਹੈ।
* ਗੁਜਰਾਤ ਵਿੱਚ ਦਿਵਾਲੀ ਤੋਂ ਅਗਲਾ ਦਿਨ – ਗੁਜਰਾਤੀ ਨਵਾਂ ਸਾਲ ਹੁੰਦਾ ਹੈ।
* ਕੇਰਲਾ ਵਿੱਚ ਵਿਸ਼ੂ – ਨਵੇਂ ਸਾਲ ਅਤੇ ਚੰਗੇ ਭਾਗ ਦੀ ਸ਼ੁਰੂਆਤ ਦਾ ਤਿਉਹਾਰ।
* ਅਸਾਮ ਵਿੱਚ ਬਿਹੂ – ਫਸਲ ਕਟਣ ਅਤੇ ਨਵੇਂ ਸਾਲ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ।
* ਤਾਮਿਲਨਾਡੂ ਵਿੱਚ ਪੁਤਥੰਡੂ – ਤਾਮਿਲ ਨਵਾਂ ਸਾਲ ਮੰਨਿਆ ਜਾਂਦਾ ਹੈ।
* ਪੱਛਮੀ ਬੰਗਾਲ ਵਿੱਚ ਪੋਇਲਾ ਬੈਸ਼ਾਖ – ਬੰਗਾਲੀ ਨਵਾਂ ਸਾਲ ਮਨਾਉਂਦੇ ਹਨ।

ਇਹ ਤਿਉਹਾਰ ਨਵੀਂ ਸ਼ੁਰੂਆਤ, ਖੁਸ਼ਹਾਲੀ ਅਤੇ ਭਾਰਤੀਆਂ ਦੀ ਏਕਤਾ ਦਾ ਸੰਦੇਸ਼ ਦਿੰਦੇ ਹਨ। ਇਹ ਦਰਸਾਉਂਦੇ ਹਨ ਕਿ ਸਾਡੀ ਭਾਸ਼ਾ, ਧਰਮ, ਸਭਿਆਚਾਰ ਭਾਵੇਂ ਵੱਖਰਾ-ਵੱਖਰਾ ਹੈ, ਪਰ "ਅਸੀਂ ਸਭ ਭਾਰਤ ਦੀ ਸਾਂਝੀ ਰਾਸ਼ਟਰੀ ਪਹਿਚਾਣ ਨਾਲ ਜੁੜੇ ਹੋਏ ਨਾਗਰਿਕ ਹਾਂ।"

ਨਵੇਂ ਸਾਲ ਦੇ ਸੰਕਲਪ – ਆਪਣੇ ਆਪ ਨਾਲ ਵਾਅਦਾ :- ਨਵੇਂ ਸਾਲ ਦੇ ਮੌਕੇ 'ਤੇ ਲੋਕ ਆਪਣੇ ਲਈ ਨਵੇਂ ਟੀਚੇ ਨਿਰਧਾਰਤ ਕਰਦੇ ਹਨ। ਕੁਝ ਸਿਹਤ ਸੁਧਾਰਨ ਦਾ ਫੈਸਲਾ ਲੈਂਦੇ ਹਨ, ਕੁਝ ਪੜ੍ਹਾਈ ਜਾਂ ਨੌਕਰੀ ਵਿੱਚ ਹੋਰ ਮਿਹਨਤ ਕਰਨ ਦਾ। ਇਹ ਸੰਕਲਪ ਸਾਨੂੰ ਪ੍ਰੇਰਿਤ ਕਰਦੇ ਹਨ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਬਿਹਤਰ ਦਿਸ਼ਾ ਵੱਲ ਲੈ ਕੇ ਜਾਈਏ।

## ਨਵਾਂ ਸਾਲ – ਖੁਸ਼ੀ ਅਤੇ ਨਵੀਂ ਸ਼ੁਰੂਆਤ ਦਾ ਪ੍ਰਤੀਕ :

ਨਵਾਂ ਸਾਲ ਸਾਨੂੰ ਸਿਖਾਉਂਦਾ ਹੈ ਕਿ ਪਿਛਲੇ ਦੁੱਖ ਅਤੇ ਗਲਤੀਆਂ ਨੂੰ ਪਿੱਛੇ ਛੱਡਕੇ ਅੱਗੇ ਵਧਣਾ ਚਾਹੀਦਾ ਹੈ। ਹਰ ਉਮਰ ਦੇ ਲੋਕ ਖੁਸ਼ੀ ਨਾਲ ਇਸ ਦਿਨ ਦਾ ਸਵਾਗਤ ਕਰਦੇ ਹਨ ਅਤੇ ਆਪਣੇ ਸੁਪਨਿਆਂ ਨੂੰ ਨਵੀਂ ਰੌਸ਼ਨੀ ਦਿੰਦੇ ਹਨ। ਆਓ, ਇਸ ਨਵੇਂ ਸਾਲ ਨੂੰ ਨਵੀਂ ਉਮੀਦ, ਜੋਸ਼ ਅਤੇ ਆਤਮ-ਵਿਸ਼ਵਾਸ ਨਾਲ ਸ਼ੁਰੂ ਕਰੀਏ ਅਤੇ ਆਪਣੀ ਜ਼ਿੰਦਗੀ ਨੂੰ ਕਾਮਯਾਬ ਬਣਾਈਏ।



## ਵਿਦਿਆਰਥੀਆਂ ਲਈ ਖਾਸ ਸੰਦੇਸ਼ :

ਪਿਆਰੇ ਵਿਦਿਆਰਥੀਓ! ਨਵੇਂ ਸਾਲ ਦੀਆਂ ਬਹੁਤ ਮੁਬਾਰਕਾਂ! ਤੁਸੀਂ ਸਾਡੇ ਦੇਸ਼ ਦਾ ਭਵਿੱਖ ਹੋ। ਇਹ ਨਵਾਂ ਸਾਲ ਤੁਹਾਡੇ ਲਈ ਨਵੀਂ ਪ੍ਰੇਰਣਾ ਅਤੇ ਉੱਚੀਆਂ ਉਡਾਰੀਆਂ ਲਿਆਵੇ। ਆਪਣੇ ਟੀਚੇ ਨਿਰਧਾਰਤ ਕਰੋ, ਮਿਹਨਤ ਕਰੋ ਅਤੇ ਆਪਣੇ ਸੁਪਨੇ ਸਾਕਾਰ ਕਰੋ। ਨਵਾਂ ਸਾਲ ਸਾਡੇ ਲਈ ਇੱਕ ਖਾਲੀ ਸਫ਼ਾ ਹੈ, ਜਿਸ 'ਤੇ ਅਸੀਂ ਆਪਣੇ ਸੁਪਨਿਆਂ ਅਤੇ ਮਿਹਨਤ ਨਾਲ ਸਫਲਤਾ ਦੀ ਨਵੀਂ ਕਹਾਣੀ ਲਿਖ ਸਕਦੇ ਹਾਂ। ਇਹ ਮੇਰੀ ਸ਼ੁਭਕਾਮਨਾ ਹੈ ਕਿ ਨਵਾਂ ਸਾਲ ਤੁਹਾਨੂੰ ਸਿੱਖਿਆ, ਅਨੁਸ਼ਾਸਨ ਅਤੇ ਸਫਲਤਾ ਦੇ ਰਸਤੇ 'ਤੇ ਅਗੇ ਵਧਾਏ।

“इक्वालिटी एंड जस्टिस
“ पटियाला 31 दिसंबर
INTERNATIONAL PAPER, 94636 01616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## धर्म के प्रचार-प्रसार के लिए बौद्धधर्मी देश त्याग करें

दिनांक 25 मई, 1950 से ‘सिलोन बुद्धिस्ट कॉंग्रेस’ द्वारा सिलोन (श्रीलंका) की पुरानी राजधानी कॅण्डी में ‘विश्व बुद्ध



परिषद’ का आयोजन किया गया था। 6 जून, तक वह जारी रहनी थी। उसमें एशिया तथा यूरोपीय राष्ट्रों के प्रतिनिधि उपस्थित रहने वाले थे। इस परिषद में बौद्ध धर्म की शिक्षा के अनुसार दुनिया में शांति की स्थापना पर विचार किया जाना था। मुख्य प्रधान डी. एस. सेनानायके प्रतिनिधियों का कोलंबो रेसकोर्स पर स्वागत करने वाले थे। इस परिषद में भारत सरकार के कानून मंत्री डॉ. बाबासाहेब अम्बेडकर भी शरीक होने वाले थे।

दिनांक 23 मई, 1950 के दिन डॉ . बाबासाहेब अम्बेडकर हैदराबाद होते हुए मद्रास पहुंचे। डॉ. बाबासाहेब अम्बेडकर के स्वागत के लिए वहां उपस्थित अधिकारी, कार्यकर्ता, चाहने वाले आदि जिनमें प्रमुख श्री कामराज नाडर भी थे। बाबासाहेब ने पत्रकारों से कहा, ‘बौद्ध धर्म के बारे में मुझे आस्था है और मुझे परिषद की ओर से आमंत्रण मिला है इसलिए मैं वहां जा रहा हूं।’ उसके बाद वे कोलंबो के लिए रवाना हुए।

आज से छह वर्ष बाद बुद्ध युग के 2500 वर्ष पूरे होंगे, तब दुनिया में बौद्ध धर्म की लहर फैली होगी यह आशावाद विश्व बौद्ध भातृसंघ की स्थापना करने का प्रस्ताव रखते हुए सिलोन की बौद्धप्रमुख सी. बी. नुगावाला ने कॅण्डी ( सिलोन) में आयोजित इस परिषद में व्यक्त किया। इस प्रस्ताव के लिए इंग्लैंड की सुश्री कॉन्स्टन्स लाऊन्सबरी, ब्रह्मदेस के यू चान चन, बंगाल के डॉ. अरविंद बरुआ, जापान के रिरी नाकायमा, इटली के लोकनायके और थाईलैंड के सुवित निमहेंद्र ने समर्थन किया।

दिनांक 26 मई, 1950 के दिन यहां के ‘टेंपल ऑफ दि टूथ’ नामक बिहार में 27 देशों के बौद्धधर्मीय प्रतिनिधि इकट्ठा हुए और उन्होंने बौद्ध धर्म के पुनरुत्थान के बारे में चर्चा की। भारत के कानून मंत्री डॉ. बी. आर. अम्बेडकर भी इस अवसर पर उपस्थित थे। हालांकि अधिकृत प्रतिनिधि न होने के कारण उन्होंने चर्चा में हिस्सा नहीं लिया । विश्व मैत्री का प्रस्ताव परिषद द्वारा मंजूर किए जाने के बाद बाबासाहेब का भाषण हुआ। उन्होंने कहा-

मैं इस भ्रातृसंघ का भले सदस्य नहीं बना हूं, लेकिन मेरी इस भेंट का उद्देश्य बहुत गंभीर है। सभी बौद्ध देशों को चाहिए कि वे केवल भ्रातृसंघ की स्थापना करने के बजाए बौद्ध धर्म के प्रचार के लिए त्याग करने की मानसिक तैयारी करें। बौद्ध धर्म के समारोह भारत के लोगों को देखने का मौका मिलना चाहिए। भारत के कानून मंत्री ने इस अवसर पर कहा कि, मैं चाहता हूं कि भारत में बौद्ध धर्म के केवल बाह्योपचार का ही अनुसरण किया जाता है या फिर सही बौद्ध धर्म का अनुसरण किया जाता है इस बारे में भारतीय जानें। बौद्ध धर्म जागृत है अथवा केवल परंपरागत है यह भी मैं देखना चाहता हूं।

विश्व मैत्री प्रस्ताव के बारे में भी उन्होंने अपने भाषण में नाराजगी व्यक्त की। अपना अभिप्राय व्यक्त करते हुए उन्होंने

“Equality and Justice”



कहा कि बौद्धधर्मीय देशों को इस धर्म के विस्तार के लिए कमर कसनी चाहिए, उसके लिए आवश्यक त्याग करने चाहिए और इस प्रकार की कोई घोषणा परिषद में होनी चाहिए थी ।

बाबासाहेब ने कहा कि-

“1. बौद्ध धर्म के आचार (पद्धति) और उपचार (विचार) भारत में देखने को नहीं मिलते, उन्हें देखने के मौकों का लाभ उठाएं।

2. साथ ही यह भी देखें कि बौद्ध धर्म के मूल सिद्धांतों से मेल न खाने वाली श्रद्धाओं से बौद्धधर्मी कितने ग्रस्त हैं और मूल विशुद्ध स्वरूप में वह धर्म कितना बचा है।

3. और दुनिया सिलोन को बौद्ध धर्मी कहती है इसलिए सिलोन बौद्ध धर्मानुयायी है या कि वह धर्म आज भी वहां जीवित स्वरूप में प्रचलित है इस बारे में खोज करें।

मैं इन्हीं तीन उद्देश्यों पर काम करने के उद्देश्य से इस परिषद में आया हूं। मित्रता के प्रस्तावानुसार मैं अधिकृत मित्र न होऊं लेकिन यहां आने का मेरा उद्देश्य गंभीर है। “

# कर्नाटक: कांग्रेस और सरकारी समितियों में उपेक्षा से नाराज दलित नेताओं ने बनाई समन्वय समिति, एच.एम. नंदकुमार चुने गए अध्यक्ष

“इक्वालिटी एंड जस्टिस
“ पटियाला 31 दिसंबर
INTERNATIONAL PAPER, 94636 01616
hardipchumber57@gmail.com

मडिकेरी: कर्नाटक के मडिकेरी जिले में दलित समुदाय की लगातार हो रही अनदेखी और कांग्रेस पार्टी व सरकारी निगमों-समितियों में उचित प्रतिनिधित्व न मिलने से नाराज दलित संगठनों ने अब आर-पार की लड़ाई का मन बना लिया है। इसी कड़ी में सोमवार को अंबेडकर भवन में एक अहम बैठक आयोजित की गई, जिसमें ‘एससी और एसटी समन्वय समिति’ (SC and ST Coordination Committee) का गठन किया गया।

इस नई गठित समिति की कमान केपीसीसी (KPCC) सदस्य एच.एम. नंदकुमार को सौंपी गई है, जिन्हें सर्वसम्मति से अध्यक्ष चुना गया है। वहीं, जनार्दन को महासचिव की जिम्मेदारी दी गई है।

### सरकार और विधायकों का ध्यान खींचने के लिए बनेगा आंदोलन

केपीसीसी सदस्य एच.एम. नंदकुमार के नेतृत्व में हुई इस बैठक में जिले भर के विभिन्न दलित संगठनों के नेताओं ने हिस्सा लिया। बैठक में एक सुर में यह निर्णय लिया गया कि समुदाय से जुड़े मुद्दों पर सरकार, कांग्रेस नेतृत्व और स्थानीय विधायकों का ध्यान आकर्षित करने के लिए जल्द ही विशेष पहल और आंदोलन शुरू किए जाएंगे। नेताओं का कहना है कि अब अपनी आवाज को अनसुना नहीं करने दिया जाएगा।

### “वोट हमारा, लेकिन सत्ता में हिस्सेदारी सिफर”

सभा को संबोधित करते हुए नवनिर्वाचित अध्यक्ष नंदकुमार ने अपना दर्द बयां किया। उन्होंने आरोप लगाया कि जिला कांग्रेस के भीतर अनुसूचित जाति (SC) के लोगों को हेय दृष्टि से देखा जा रहा है। उन्होंने तीखा हमला बोलते हुए कहा कि जो विधायक दलितों के निर्णायक समर्थन से जीतकर आए हैं, वे भी अब समुदाय की चिंताओं के प्रति उदासीन हो गए हैं।

नंदकुमार ने इसे घोर अन्याय करार देते हुए कहा कि




आंतरिक पार्टी समितियों में दलितों को कोई प्राथमिकता नहीं दी जा रही है। अक्रम-सक्रम समिति (Akrama-Sakrama Committee), गारंटी योजना कार्यान्वयन समिति और जिला पंचायत केडीपी (ZP KDP) जैसी प्रमुख संस्थाओं में अध्यक्ष पद से दलितों को वंचित रखा गया है। उन्होंने जोर देकर कहा कि अब दलितों को संगठित होकर अपनी जायज मांगों को पूरा करवाने के लिए संघर्ष करना ही होगा। इसके अलावा, उन्होंने समुदाय के सरकारी कर्मचारियों के सामने आने वाली समस्याओं पर भी तत्काल ध्यान देने की मांग उठाई।

### अन्य नेताओं ने भी उठाई आवाज

बैठक में मौजूद दलित संघर्ष समिति के नेता बेलूर कृष्णप्पा ने भी अपनी नाराजगी जाहिर की। उन्होंने कहा कि दलितों के लिए कोई भी सार्थक काम नहीं किया जा रहा है और उनकी मांगों को लगातार नजरअंदाज किया जा रहा है।

वहीं, आलुवारा गांव के मंजूनाथ ने आरोप लगाया कि विधायक कार्यकर्ताओं के प्रति जवाबदेह नहीं हैं। सोमवारपेट तालुक के दलित नेता जनार्दन ने कहा कि कुछ नेताओं के प्रभाव और दखलअंदाजी के कारण अनुसूचित जाति के लोगों को उनकी हक की सीटों से वंचित किया जा रहा है।

इस मुद्दे पर जिला कांग्रेस प्रवक्ता टी.ई. सुरेश ने कहा कि अनुसूचित जाति के प्रतिनिधित्व से जुड़ी मांगों को पहले भी कांग्रेस ब्लॉक अध्यक्ष के समक्ष रखा गया था। वहीं, सोमवारपेट तालुक गारंटी कार्यान्वयन समिति के सदस्य संदीप ने सुझाव दिया कि विधायकों को सबसे पहले उन समस्याओं से अवगत कराना जरूरी है, जिनका सामना दलित समाज कर रहा है।

# इलाहाबाद हाईकोर्ट का बड़ा फैसला: छात्रों के अनुमान के आधार पर नहीं होगा यूपी बोर्ड की कॉपियों का पुनर्मूल्यांकन

“इक्वालिटी एंड जस्टिस
“ पटियाला 31 दिसंबर
INTERNATIONAL PAPER, 94636 01616
hardipchumber57@gmail.com

प्रयागराज: इलाहाबाद हाईकोर्ट ने छात्रों के कॉपियों के पुनर्मूल्यांकन (Re-evalua_tion) को लेकर एक अहम फैसला सुनाया है। अदालत ने स्पष्ट कर दिया है कि यूपी इंटरमीडिएट एजुकेशन एक्ट, 1921 के तहत केवल इस आधार पर उत्तर पुस्तिकाओं का दोबारा मूल्यांकन नहीं किया जा सकता कि छात्र को लगता है कि उसे अधिक अंक मिलने चाहिए थे। कोर्ट ने कहा कि महज छात्र की धारणा या अनुमान के आधार पर री-इवैल्यूएशन का कोई प्रावधान नहीं है।

### क्या था पूरा मामला?

यह मामला इंटरमीडिएट की छात्रा फायज कमर (Faaiz Qamar) से जुड़ा है। याचिकाकर्ता ने इंटरमीडिएट की परीक्षा दी थी, लेकिन वह अपने हिंदी और जीव विज्ञान (Biology) के अंकों से संतुष्ट नहीं थीं। इसके बाद उन्होंने स्क्रूटनी (Scrutiny) के लिए आवेदन किया। जब उन्होंने अपनी उत्तर पुस्तिकाएं देखीं, तो उन्हें पूरा यकीन था कि उन्हें इन विषयों में मिले नंबरों से ज्यादा अंक मिलने चाहिए थे।

इसी विश्वास के आधार पर, उन्होंने माध्यमिक शिक्षा परिषद, क्षेत्रीय कार्यालय, मेरठ के क्षेत्रीय सचिव के समक्ष एक अभ्यावेदन (Representation) प्रस्तुत किया। हालांकि, उनके इस अनुरोध को खारिज कर दिया गया। बोर्ड ने तर्क दिया कि यूपी इंटरमीडिएट एजुकेशन एक्ट, 1921 के अध्याय 12, नियम 21 के तहत इस तरह के पुनर्मूल्यांकन की अनुमति नहीं दी जा सकती।

### हाईकोर्ट में दलीलें और सुप्रीम कोर्ट का हवाला

बोर्ड द्वारा 9 सितंबर, 2025 को अपना आवेदन खारिज किए जाने के बाद, याचिकाकर्ता ने इलाहाबाद हाईकोर्ट का दरवाजा खटखटाया और एक रिट याचिका दायर की।

सुनवाई के दौरान, अदालत ने रण विजय सिंह और अन्य बनाम उत्तर प्रदेश राज्य और अन्य के मामले में सुप्रीम कोर्ट के



फैसले का हवाला दिया। शीर्ष अदालत ने अपने फैसले में यह निर्धारित किया था कि स्क्रूटनी और पुनर्मूल्यांकन की अनुमति तभी दी जानी चाहिए जब राज्य के कानून या नियमों में इसका स्पष्ट प्रावधान हो। यदि नियमों में इसका उल्लेख नहीं है, तो अदालत केवल “दुर्लभ और असाधारण मामलों” में ही इसकी अनुमति दे सकती है।

अदालत ने यह भी टिप्पणी की कि जजों के पास विषय की विशेषज्ञता नहीं होती, इसलिए कोर्ट को स्वयं उत्तर पुस्तिकाओं का मूल्यांकन या पुनर्मूल्यांकन नहीं करना चाहिए। इसके अलावा, यह माना जाना चाहिए कि आंसर की (Answer Key) सही है।

### न्यायमूर्ति का फैसला

मामले की सुनवाई कर रहे न्यायमूर्ति विवेक सरन ने यूपी इंटरमीडिएट एजुकेशन एक्ट, 1921 के अध्याय 12, नियम 21 का अवलोकन किया, जो उत्तर पुस्तिकाओं की स्क्रूटनी से संबंधित है।

न्यायमूर्ति सरन ने अपने आदेश में कहा, “अध्याय 12, नियम 21 के वैधानिक प्रावधानों को देखते हुए, केवल याचिकाकर्ता द्वारा लगाए गए इस अनुमान के आधार पर कि उसे कम अंक मिले हैं, उत्तर पुस्तिकाओं के पुनर्मूल्यांकन का आदेश नहीं दिया जा सकता।”

अदालत ने यह भी कहा कि सक्षम अधिकारी द्वारा 9 सितंबर, 2025 को पारित किए गए आदेश में कोई त्रुटि नहीं पाई गई है। तदनुसार, इलाहाबाद हाईकोर्ट ने अपने 15 दिसंबर के निर्णय में याचिकाकर्ता की रिट याचिका को खारिज कर दिया।

# छात्रों द्वारा आत्महत्या का पर्याय बना आईआईटी कानपुर, 22 माह में 7 ने दी जान : जांच शुरु

## राजस्थान निवासी छात्र जयसिंह मीणा आत्महत्या मामले की जांच में जुटी पुलिस

“इक्वालिटी एंड जस्टिस
“ पटियाला 31 दिसंबर
INTERNATIONAL PAPER, 94636 01616
hardipchumber57@gmail.com

सुनील बाजपेई

कानपुर। देश के प्रतिष्ठित उच्च तकनीकी शिक्षा संस्थानों में शुमार यहां का आईआईटी छात्रों द्वारा किसी वजह से आत्महत्या किए जाने का पर्याय बन चुका है।

आईआईटी सूत्रों से मिली जानकारी के मुताबिक यहां बीते 22 महीनों में संस्थान में सात छात्र आत्महत्या कर चुके हैं। यहां आत्महत्या की सातवीं घटना का संबंध राजस्थान के रहने वाले छात्र जयसिंह मीणा से है। उसने कल 29 दिसंबर को सुसाइड कर लिया था। उसका शव हॉस्टल के कमरे में लटका हुआ मिला था।

सूचना मिलने पर पुलिस मौके पर पहुंची। पुलिस द्वारा छात्र का शव कब्जे में ले लेकर उसे पोस्टमार्टम के लिए भेजने के साथ ही मामले की जांच शुरू कर दी गई है।

सूचना के बाद राजस्थान से छात्र के परिजन भी कानपुर पहुंचे। 2 ब्लॉक E रूम नंबर 148 में रहने वाला जय सिंह मीणा पुत्र गौरीशंकर मीणा निवासी अवधपुरी चाणक्य विद्या मंदिर सेकेंडरी स्कूल अजमेर राजस्थान का है। जो यहां बायोलॉजिकल साइंस बीटेक चौथे साल का आईआईटी का छात्र था।

पटना के बारे में पुलिस उसके साथियों से भी पूछताछ कर रही है। पुलिस सूत्रों से मिली जानकारी के मुताबिक छात्र ने पहले नसें काटी और फिर अपने गले में फंदा डालकर झूल गया।

फिलहाल बीटेक के छात्र की आत्महत्या के मामले में अभी कोई सुराग नहीं मिला है। पुलिस द्वारा छानबीन की जा रही है। पुलिस द्वारा आत्महत्या की असल वजह का पता लगाने के प्रयास किए जा रहे हैं। बता दें कि ऐसा पहली बार नहीं है। बीते 22 महीनों में संस्थान में सात छात्र आत्महत्या कर चुके हैं। छात्र जयसिंह मीणा द्वारा भी फांसी लगाकर आत्महत्या किए जाने की घटना ने आईआईटी में हड़कंप भी मचा रखा है। वहीं छात्र जय सिंह मीणा द्वारा आईआईटी में आत्महत्या किए जाने वास्तविक वजह समाचार लिखे जाने तक पता नहीं चल पाई है। पुलिस ने बताया कि मामले की जांच की जा रही है।

# झारखंड: आदिवासी समूहों के विरोध के बाद शिक्षा विभाग का बड़ा फैसला, स्कूल सर्वे में अब मिलेगा ‘अन्य’ धर्म का विकल्प

## सरना और अन्य आदिवासी धर्मों को मिली पहचान: भारी विरोध के बाद शिक्षा विभाग ने सुधारी तकनीकी खामी, डहर 2.0 पोर्टल पर अपडेट हुआ विकल्प

“इक्वालिटी एंड जस्टिस
“ पटियाला 31 दिसंबर
INTERNATIONAL PAPER, 94636 01616
hardipchumber57@gmail.com

रॉंची: झारखंड शिक्षा विभाग ने स्कूली बच्चों के लिए कराए जा रहे डहर (DAHAR - डिजिटल हैबिटेशन मैपिंग एंड रियल-टाइम मॉनिटरिंग) 2.0 सर्वेक्षण के फॉर्मेट में महत्वपूर्ण बदलाव किया है। विभाग ने आदिवासी समूहों द्वारा जताई गई आपत्तियों के बाद धर्म के कॉलम में ‘अन्य’ (Other) का विकल्प जोड़ दिया है। इससे पहले, डेटा संग्रह प्रक्रिया में आदिवासी धार्मिक पहचान को शामिल न किए जाने पर विभिन्न संगठनों ने भारी विरोध दर्ज कराया था।

### क्या है डहर (DAHAR) 2.0 सर्वेक्षण?

झारखंड शिक्षा परियोजना परिषद (JEPC) द्वारा समग्र शिक्षा अभियान के तहत डहर 2.0 सर्वेक्षण कराया जा रहा है। इस सर्वे का मुख्य उद्देश्य 3 से 18 वर्ष की आयु के बच्चों के नामांकन और स्कूल छोड़ने (ड्रॉपआउट) वाले बच्चों का डेटा तैयार करना है। इस डेटा के आधार पर ही स्कूली शिक्षा के लिए वार्षिक कार्य योजना और बजट तैयार किया जाता है।

अधिकारियों के मुताबिक, डहर सर्वेक्षण की शुरुआत झारखंड में एक दशक पहले हुई थी, जिसे बाद में तकनीकी




रूप से अपग्रेड कर डहर 2.0 का नाम दिया गया। केंद्र और राज्य सरकार दोनों ही इसका उपयोग स्कूलों की कवरेज का आकलन करने, ड्रॉपआउट बच्चों की पहचान करने और समग्र शिक्षा अभियान के तहत बुनियादी ढांचे व कल्याणकारी योजनाओं की रूपरेखा तैयार करने के लिए एक प्रमुख उपकरण के रूप में करते हैं।

### क्यों हुआ विवाद?

इससे पहले, सर्वेक्षण फॉर्म के धर्म वाले कॉलम में केवल छह विकल्प मौजूद थे— हिंदू, मुस्लिम, सिख, ईसाई, जैन और बौद्ध। इसमें उन आदिवासी बच्चों के लिए कोई प्रावधान नहीं था जो सरना या अन्य स्वदेशी विश्वास प्रणालियों को मानते हैं।

आदिवासी संगठनों और नेताओं ने इस फॉर्मेट पर कड़ी आपत्ति जताई थी। उनका तर्क था कि उचित श्रेणी की अनुपस्थिति के परिणामस्वरूप सरकारी समर्थन के साथ आदिवासियों को हिंदू धर्म में “जबरन परिवर्तित” मान लिया जाएगा, जो उनकी मौलिक पहचान के खिलाफ है। इन आपत्तियों का संज्ञान लेते हुए शिक्षा विभाग ने पोर्टल में संशोधन किया और ‘अन्य’ धर्म का विकल्प शामिल कर दिया।

### आदिवासी अस्मिता और राजनीतिक प्रतिक्रिया

आदिवासी नेताओं, जिनमें प्रेमशाही मुंडा और पूर्व मंत्री गीताश्री उरांव शामिल हैं, ने पहले ही इस मुद्दे को उठाया था। उनका कहना था कि स्कूल स्तर के सर्वेक्षणों में ‘अन्य’ श्रेणी का न होना आधिकारिक शिक्षा डेटा में आदिवासी धार्मिक पहचान को अदृश्य बना देता है। इसका सीधा असर भविष्य की नीति योजना और बजट आवंटन पर पड़ सकता है।

कांग्रेस नेता गीताश्री उरांव ने आरोप लगाया कि केंद्र सरकार 2020 से सरकारी पोर्टलों से ‘अन्य’ धर्म के विकल्प को धीरे-धीरे हटा रही है। उन्होंने कहा कि इससे आदिवासियों की संवैधानिक रूप से मान्यता प्राप्त पहचान का क्षरण हो रहा है और अब यही दृष्टिकोण स्कूल स्तर के डेटा संग्रह में भी दिखाई दे रहा है।

गीताश्री उरांव ने कहा, “सरना समुदाय झारखंड जैसे पांचवीं अनुसूची वाले राज्य में आदिवासियों के लिए अलग या उचित धर्म कोड के बिना किसी भी जनगणना या सर्वेक्षण के संचालन का कड़ा विरोध करता है। यह आदिवासियों को जबरन हिंदू धर्म में शामिल करने और सरना पहचान को खत्म करने की एक सरकारी रणनीति है।”

### तकनीकी खामी थी, जिसे सुधार लिया गया: अधिकारी

इस पूरे मामले पर जेईपीसी (JEPC) के प्रोजेक्ट डायरेक्टर शशि रंजन ने स्पष्टीकरण दिया। उन्होंने बताया कि डहर 2.0 सर्वेक्षण का फॉर्मेट केंद्र सरकार से अपनाया गया था और राज्य ने केवल वार्षिक ‘आउट-ऑफ-स्कूल’ बच्चों के सर्वेक्षण के लिए इस्तेमाल होने वाली मौजूदा प्रश्नावली को डिजिटाइज किया था।

शशि रंजन ने कहा, “यह एक वार्षिक अभ्यास है। पहले इसे एक विस्तृत फॉर्म के माध्यम से भौतिक (फिजिकल) रूप से किया जाता था, जिसमें ‘अन्य’ श्रेणी पहले से ही इन-बिल्ट थी। जब हमने इसे ऐप-आधारित बनाया, तो कुछ फील्ड तकनीकी समस्याओं के कारण ठीक से प्रदर्शित नहीं हो रहे थे। अब इन मुद्दों को ठीक कर लिया गया है।”

# S C- राजस्थान क्लर्क ग्रेड-II परीक्षा विवाद: मेधावी SC/ST/OBC उम्मीदवारों को जनरल कैटेगरी में एंट्री की हरी झंडी!

नई दिल्ली- सुप्रीम कोर्ट ने राजस्थान उच्च न्यायालय की न्यायिक सहायक/क्लर्क ग्रेड-II की भर्ती प्रक्रिया से जुड़े एक महत्वपूर्ण मामले में अपना निर्णय सुनाया है। जस्टिस दीपांकर दत्ता और जस्टिस ऑगस्टाइन जॉर्ज मसीह की पीठ ने राजस्थान उच्च न्यायालय प्रशासन की अपील को खारिज करते हुए यह स्पष्ट किया कि आरक्षित वर्ग का कोई भी उम्मीदवार, जिसने लिखित परीक्षा में सामान्य वर्ग के कट-ऑफ से अधिक अंक प्राप्त किए हैं, उसे सामान्य (खुले) श्रेणी का उम्मीदवार माना जाएगा और उसके साथ मेरिट के आधार पर समान व्यवहार किया जाएगा। कोर्ट ने कहा कि इससे “दोहरे लाभ” का तर्क देना गलत है।

यह मामला राजस्थान हाईकोर्ट के जयपुर बेंच द्वारा 18 सितंबर 2023 को पारित आदेश से उपजा था, जिसमें डीबी सिविल रिट पिटीशन नंबर 7564/2023 और इससे जुड़े अन्य मामलों को निपटाया गया था। राजस्थान डिस्ट्रिक्ट कोर्ट्स मिनिस्टीरियल एस्टेब्लिशमेंट रूल्स, 1986 और राजस्थान हाईकोर्ट स्टाफ सर्विस रूल्स, 2002 के तहत जूनियर ज्यूडिशियल असिस्टेंट/क्लर्क ग्रेड-आईआई के 2756 पदों पर भर्ती के लिए 5 अगस्त 2022 को विज्ञापन जारी किया गया था। इस भर्ती में सामान्य, अनुसूचित जाति (एससी), अनुसूचित जनजाति (एसटी), अन्य पिछड़ा वर्ग (ओबीसी), मोस्ट बैकवर्ड क्लास (एमबीसी), आर्थिक रूप से कमजोर वर्ग (ईडब्ल्यूएस) और अन्य क्षैतिज आरक्षण श्रेणियों के लिए रिक्तियां निर्धारित की गई थीं। चयन प्रक्रिया में 300 अंकों का लिखित परीक्षा और 100 अंकों का कंप्यूटर आधारित टाइपराइटिंग टेस्ट शामिल था, जिसमें सामान्य श्रेणी के लिए 50%, ओबीसी के लिए 45% और एससी/एसटी/पीडब्ल्यूडी के लिए 40% न्यूनतम अंक निर्धारित थे। केवल पांच गुना उम्मीदवारों को ही टाइपराइटिंग टेस्ट के लिए शॉर्टलिस्ट किया जाना था।

लिखित परीक्षा 12 और 19 मार्च 2023 को आयोजित हुई, और परिणाम 1 मई 2023 को घोषित किए गए। लेकिन विवाद तब पैदा हुआ जब आरक्षित श्रेणी के कई उम्मीदवारों, जिन्होंने सामान्य श्रेणी के कट-ऑफ (196.3451 अंक) से अधिक अंक हासिल किए थे, उन्हें अपनी श्रेणी के उच्च कट-ऑफ के कारण टाइपराइटिंग टेस्ट से बाहर कर दिया गया। उदाहरण के लिए, ओबीसी-एनसीएल का कट-ऑफ 230.4431, ईडब्ल्यूएस का 224.5384, एससी का 202.4398 और एमबीसी-एनसीएल का 203.3569 था, जो सामान्य से कहीं अधिक था। इससे आरक्षित उम्मीदवारों की मेरिट को नजरअंदाज कर दिया गया, और उन्हें केवल अपनी श्रेणी तक सीमित रखा गया। रजत यादव जैसे उम्मीदवारों ने 10 मई 2023 को हाईकोर्ट में रिट याचिका दायर की, जिसमें परिणाम रद्द करने और ओपन कैटेगरी में शामिल करने की मांग की गई। हाईकोर्ट ने इन याचिकाओं को स्वीकार करते हुए निर्देश दिए कि ओपन कैटेगरी की सूची पहले मेरिट के आधार पर तैयार की जाए, जिसमें आरक्षित उम्मीदवारों को भी शामिल किया जाए, यदि उन्होंने कोई विशेष लाभ न लिया हो।

हाईकोर्ट ने अपने फैसले में स्पष्ट किया कि श्रेणीवार शॉर्टलिस्टिंग वैध है, लेकिन मेधावी आरक्षित उम्मीदवारों को ओपन कैटेगरी में जगह न देना संविधान के अनुच्छेद 14 और 16 का उल्लंघन है। कोर्ट ने कहा, “आरक्षित श्रेणी के एक उम्मीदवार को, भले ही वह सामान्य/ओपन श्रेणी के कट-ऑफ से अधिक अंक हासिल कर ले, केवल अपनी श्रेणी के कारण बाहर करना समानता के सिद्धांत का उल्लंघन होगा।” हाईकोर्ट ने चतुर सिंह बनाम राजस्थान राज्य (1996) 11 एससीसी 742 और धर्मवीर थोलिया बनाम राजस्थान राज्य (2000) 3 डब्ल्यूएलसी 399 जैसे मामलों का जिक्र करते हुए अंतर स्पष्ट किया कि प्रारंभिक परीक्षा के चरण में माइग्रेशन लागू नहीं होता, लेकिन मुख्य परीक्षा के बाद यह सिद्धांत लागू होता है। कोर्ट ने इंदिरा साहनी बनाम भारत संघ (1992 सप्लीमेंट्री (3) एससीसी 217) और आर.के. सभरवाल बनाम पंजाब राज्य (1995) 2 एससीसी 745 का हवाला देते हुए कहा कि ओपन कैटेगरी सभी के लिए खुली है, और मेरिटोरियस आरक्षित उम्मीदवार को अपनी श्रेणी में बांधना गलत है।

अपीलकर्ताओं (राजस्थान हाईकोर्ट और रजिस्ट्रार) के वकील निधेश गुप्ता ने सुप्रीम कोर्ट में तर्क दिया कि माइग्रेशन का लाभ केवल अंतिम मेरिट लिस्ट के चरण में मिलना चाहिए, न कि शॉर्टलिस्टिंग स्टेज पर। उन्होंने विकास संखला बनाम विकास कुमार अग्रवाल (2017) 1 एससीसी 350, प्रदीप सिंह देहल बनाम एचपी राज्य (2019) 9 एससीसी 276 और सौरभ यादव बनाम उत्तर प्रदेश राज्य (2021) 4 एससीसी 542 जैसे मामलों का हवाला दिया, जिसमें कहा गया कि आरक्षित उम्मीदवारों को दोहरी लाभ नहीं मिल सकता। गुप्ता ने चेतावनी दी कि यदि शॉर्टलिस्टिंग स्टेज पर माइग्रेशन की अनुमति दी गई, तो यह प्रक्रिया में दो बार लाभ दे देगा। उन्होंने यह भी कहा कि याचिकाकर्ता उम्मीदवारों ने भर्ती प्रक्रिया में भाग लिया था, इसलिए एस्ट्रोपल (निषेध) के सिद्धांत से वे चुनौती नहीं दे सकते।

दूसरी ओर, याचिकाकर्ता उम्मीदवारों के वकील डॉ. के.एस. चौहान ने तर्क दिया कि ओपन कैटेगरी को केवल सामान्य उम्मीदवारों के लिए आरक्षित मानना साम्प्रदायिक आरक्षण जैसा है, जो संविधान द्वारा निषिद्ध है। उन्होंने सौरभ यादव मामले का विशेष जिक्र करते हुए कहा कि ओपन कैटेगरी मेरिट पर आधारित है, न कि जाति पर। चौहान ने जोर दिया कि लिखित परीक्षा मुख्य चरण है, जो कुल 75% वेटेज रखती है, इसलिए यहां मेरिट को नजरअंदाज नहीं किया जा सकता। उन्होंने कहा कि यदि मेधावी आरक्षित उम्मीदवार को बाहर किया जाता है, तो समानता का सिद्धांत कमजोर पड़ जाता है।

सुप्रीम कोर्ट ने अपीलकर्ताओं के एस्टोपेल के तर्क को खारिज करते हुए कहा, “याचिकाकर्ता उम्मीदवारों को विज्ञापन में श्रेणीवार सूची की जानकारी तो थी, लेकिन मेधावी आरक्षित उम्मीदवारों को ओपन कैटेगरी से बाहर करने का कोई संकेत नहीं था। इसलिए, एस्टोपेल लागू नहीं होता।” कोर्ट ने दोहरी लाभ के भय को भी गलत ठहराया और स्पष्ट किया कि यदि आरक्षित उम्मीदवार ने कोई छूट (जैसे आयु या शुल्क में छूट) न ली हो, तो वह पूरी तरह मेरिट पर ओपन कैटेगरी में प्रतिस्पर्धा कर सकता है। जस्टिस दत्ता ने फैसले में कहा, “ओपन कैटेगरी का अर्थ है ‘ओपन’, यानी यह किसी जाति, जनजाति या वर्ग के लिए आरक्षित नहीं है। मेरिट ही एकमात्र मापदंड है।” कोर्ट ने चतुर सिंह मामले को अलग बताया, क्योंकि वहां प्रारंभिक परीक्षा के अंक अंतिम मेरिट में नहीं जोड़े जाते थे, जबकि यहां लिखित परीक्षा का वेटेज 75% है।

कोर्ट ने इंदिरा साहनी और सौरभ यादव मामलों से प्रेरणा लेते हुए ‘माइग्रेशन’ शब्द को भी स्पष्ट किया। जस्टिस दत्ता ने कहा, “आरक्षित उम्मीदवार का ओपन कैटेगरी में समायोजन ‘माइग्रेशन’ नहीं, बल्कि मेरिट आधारित समानता है। यदि वह लिखित परीक्षा में ओपन कट-ऑफ से अधिक अंक लाता है, तो उसे ओपन कैटेगरी का उम्मीदवार माना जाए।” कोर्ट ने सावधानी बरतते हुए चेतावनी दी कि यदि इससे आरक्षित उम्मीदवार को अपनी श्रेणी में पसंदीदा पद से वंचित होना पड़े, तो उसे आरक्षित कोटा में ही जगह दी जाए, ताकि मेरिट दोनों श्रेणियों में संरक्षित रहे। फैसले में कहा गया, “आरक्षण समावेश का साधन है, न कि वंचना का।”

Summary

अंत में सुप्रीम कोर्ट ने हाईकोर्ट के आदेश को बरकरार रखते हुए अपीलों को खारिज कर दिया। कोर्ट ने निर्देश दिया कि याचिकाकर्ता उम्मीदवारों को टाइपराइटिंग टेस्ट का मौका दिया जाए, मेरिट लिस्ट पुन: तैयार की जाए, और यदि आवश्यक हो तो कम मेरिट वाले नियुक्तियों को समायोजित किया जाए। हालांकि कोर्ट ने कहा कि वर्तमान में पद पर मौजूद कर्मचारियों को जितना संभव हो उतना न हटाया जाए। अनुपालन के लिए दो माह का अतिरिक्त समय दिया गया है। यह फैसला न केवल राजस्थान की इस भर्ती को प्रभावित करेगा, बल्कि पूरे देश में आरक्षण और मेरिट के संतुलन पर बहस को नई दिशा देगा।